1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 4

੧੯ ਚੇਤਰ ਤੋਂ ੩ ਵੈਸਾਖ ੨੦੮੨ ਬਿ.
1 to 15 April 2025

# ਸਤਿਜੁਗ

ਮੈਂ ਜਾਵਾਂ ਸਦਕੇ ਵੇਲੇ ਤਦਕੇ । ਪੁਰੀ ਅਨੰਦ ਕੇ ਮਾਹਿ ਗੁਰੂ ॥ ਸੰਗ ਸੰਗਤ ਹੋਲਾ ਕਰਤ ਕਲੋਲਾ । ਦੇਸ ਇਤ ਚੋਲਾ ਆਹਿ ਗੁਰੂ ॥



ਸ੍ਰੀ ਸਤਿਗੁਰੂ ਬਾਲਕ ਸਿੰਘ ਜੀ
(ਪ੍ਰਕਾਸ਼: ਕੱਤਕ ਸੁਦੀ ਪੂਰਨਮਾਸ਼ੀ [illegible] ਬਿ:)



ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ
(ਹੋਲਾ-ਮਹੱਲਾ ਪੁਰਬ ਦੇ ਸੰਸਥਾਪਕ)



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
(ਪ੍ਰਕਾਸ਼: ਚੇਤਰ ਵਦੀ ਤੀਜ [illegible] ਬਿ:)

## ਤ੍ਰਿਵੇਣੀ ਹੋਲਾ ਮਹੱਲਾ ਪੁਰਬ



10/-

# ਹੁਨਰ ਪ੍ਰਦਰਸ਼ਨੀ
























# ਸਤਿਜੁਗ

੧੯ ਚੇਤਰ ਤੋਂ ੩ ਵੈਸਾਖ ੨੦੮੨ ਬਿ.
1 ਤੋਂ 15 ਅਪ੍ਰੈਲ 2025 ਈ.
ਜਿਲਦ 105, ਨੰਬਰ 4



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....................................................4

* ਗੁਰਬਾਣੀ ਵਿਆਖਿਆ..........................................6

* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.............................8

* ਵਿਸਾਖੀ : ਇਕ ਕ੍ਰਾਂਤੀ
ਗੁਰੂਬਚਨ ਸਿੰਘ.......................................10

* ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ ਬਿਆਨਣ ਵਾਲੀ
ਰਚਨਾ- ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼
ਸੁਵਰਨ ਸਿੰਘ ਵਿਰਕ..................................12

* ਸਹਜ ਕੀ ਅਕਥ ਕਥਾ ਹੈ ਨਿਰਾਰੀ
ਮੁਹਿੰਦਰ ਸਿੰਘ ਕੂਕਾ..................................21

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................31

* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ...........................32

* ਖ਼ਬਰਨਾਮਾ....................................................34



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਜਦੋਂ ਤੱਕ ਕਿ ਉਹ ਆਪਣੀ
ਮੰਜ਼ਿਲ ਉੱਤੇ ਨਹੀਂ ਪਹੁੰਚ ਜਾਂਦਾ
ਮੈਂ ਇਨ੍ਹਾਂ ਰਾਜਾਂ ਲਈ
ਚਾਹੇ ਜਾਂ ਅਣਚਾਹੇ
ਇਹ ਯਾਤਰਾ ਕੀਤੀ
ਤੇ ਲੋਕਾਂ ਲਈ ਇਹ
ਯੁਧ ਦਾ ਗੀਤ ਰਚਿਆ
ਤਾਂ ਜੋ ਲੋੜ ਪੈਣ 'ਤੇ
ਸਾਲਾਂ ਤੇ ਸਦੀਆਂ ਤੱਕ
ਲੋਕ ਯੁਧ ਲਈ ਤਿਆਰ-ਬਰ-ਤਿਆਰ
ਹੋ ਸਕਣ।

ਵਾਲਟ ਵਿਟਮੈਨ ਇਸ ਕਵਿਤਾ ਰਾਂਹੀ ਅਤੇ ਆਪਣੇ ਬੋਲਾਂ ਰਾਂਹੀ ਕਹਿੰਦਾ ਹੈ "ਅਤਿ ਪਿਆਰੇ ਸਾਥੀਓ! ਸਭ ਖੇਡ ਮੁਕ ਚੁੱਕੀ ਹੈ, ਬੀਤੇ ਦੀ ਗੱਲ ਬਣ ਚੁੱਕੀ ਹੈ ਪਰ ਪ੍ਰੇਮ ਦਾ ਅੰਤ ਤਾਂ ਨਹੀਂ ਹੋਇਆ। ਇਸ ਦੀ ਸੁਗੰਧੀ ਯੁੱਧ ਖੇਤਰ ਵਿਚੋਂ ਵੀ ਆ ਰਹੀ ਹੈ ਤੇ ਸ਼ਤਰੂਆਂ ਵਿਚੋਂ ਵੀ। ਇਸ ਲਈ ਹੇ ਪ੍ਰੀਤ! ਤੂੰ ਮੇਰੇ ਇਸ ਗੀਤ ਨੂੰ ਆਪਣੀ ਭਿੰਨੀ ਮਹਿਕ ਵਿੱਚ ਰੰਗਦੇ।

ਪ੍ਰੇਮ, ਵੈਰਾਗ ਅਤੇ ਆਤਮਿਕ ਸੰਤੁਸ਼ਟੀ ਦਾ ਜੋ ਗੀਤ ਗੁਰੂ ਨਾਨਕ ਪਾਤਸ਼ਾਹ ਨੇ ਗਾਇਆ ਉਸ ਨਾਲ ਆਪ ਸਾਧਾਰਨ ਬੰਦੇ ਨੂੰ ਜਕੜੀ ਬੈਠੀ ਪੁਜਾਰੀਵਾਦ ਦੀ ਜ਼ੰਜੀਰ ਟੁੱਟ ਗਈ।

ਰੱਬੀ ਰਬਾਬ ਨੇ ਬਾਣੀ ਨਾਲ ਮਿਲ ਐਸੀ ਧੁੰਨ ਪੈਦਾ ਕੀਤੀ, ਡਰੇ ਹੋਏ, ਵਹਿਮਾ ਭਰਮਾਂ 'ਚ ਫਸੇ ਹੋਏ ਅਤੇ ਸਵਰਗ ਨਰਕ ਦੇ ਝਾਂਸਿਆ ਵਿਚ ਉਲਜੇ ਹੋਏ ਲੋਕਾਂ ਨੂੰ ਨਿਰਭਉ, ਨਿਰਵੈਰ ਅਵਸਥਾ ਬਖ਼ਸ਼ੀ। ਪ੍ਰੋ. ਪੂਰਨ ਸਿੰਘ ਕਹਿੰਦੇ ਸੀ–

"ਗੁਰੂ ਨਾਨਕ ਝੂਠੇ ਮਤਾਂ-ਮਤਾਂਤਰਾਂ, ਕੁਟਿਲ ਰਾਜਨੀਤੀ ਅਤੇ ਅਨਿਆਂ ਭਰਪੂਰ ਸਮਾਜਕ ਪ੍ਰਬੰਧ ਦਾ ਖੰਡਨ ਕਰਦੇ ਹਨ। ਉਹ ਆਪਣੇ ਸਮੇਂ ਦੇ ਥੋਥੇ ਧਰਮ ਗ੍ਰੰਥਾਂ ਅਤੇ ਪ੍ਰਚਲਿਤ ਵਾਦਾਂ ਨੂੰ ਨਿੰਦਦੇ ਹਨ। ਆਪ ਖੁਸ਼ਕ ਤਿਆਗ ਅਤੇ ਫੋਕੇ ਸਵੀਕਾਰ ਨਹੀਂ ਕਰਦੇ। ਹਠ ਯੋਗ, ਸਾਧਨਾਂ, ਸੁੰਨ-ਸਮਾਧ, ਮਾਲਾ, ਫੇਰਨਾ, ਨਮਾਜ਼ਾਂ ਰੋਜ਼ੇ, ਵਰਤ, ਧਾਰਮਿਕ ਪਖੰਡਾਂ ਦੇ ਬਾਹਰੀ ਕਰਮ-ਕਾਂਡਾ ਅਤੇ ਰਾਜਨੀਤਕ ਦੰਭ ਦੇ ਆਪ ਅਸਲੋਂ ਹੀ ਵਿਰੋਧੀ ਸਨ। ਆਪ ਨੇ ਇਨ੍ਹਾਂ ਵਿਚੋਂ ਕਿਸੇ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਅਤੇ ਇਨ੍ਹਾਂ ਬਾਰੇ ਖਰੀਆਂ-ਖਰੀਆਂ ਸੁਣਾਈਆਂ ਹਨ। ਉਸ ਸਮੇਂ ਸੰਸਾਰ ਅਤੇ ਮਨੁੱਖ ਦੋਵੇਂ ਹੀ ਅੰਧਕਾਰ ਵਿੱਚ ਗ੍ਰਸੇ ਹੋਏ ਸਨ।"

ਆਜ਼ਾਦੀ, ਬਰਾਬਰੀ ਤੇ ਭਾਈ ਬੰਦੀ ਅਜਿਹੇ ਖੂਬਸੂਰਤ ਗੁਣ ਹਨ ਜੋ ਮਨੁੱਖੀ ਸਭਿਅਤਾ ਦਾ ਸ਼ਿੰਗਾਰ ਹਨ। ਇਨ੍ਹਾਂ ਤਿੰਨਾ ਗੁਣਾ ਦਾ ਹੀ ਪ੍ਰਚਾਰ ਸਿਖ ਪਰੰਪਰਾ ਕਰ ਰਹੀ ਹੈ। ਜਦੋਂ ਸਮੇਂ ਦੀ ਹਵਾ ਕਾਰਨ ਇਹਨਾਂ ਗੁਣਾਂ ਨੂੰ ਖਤਰਾ ਪੈਦਾ ਹੋਇਆ ਤਾਂ ਗੁਰੂ ਗੋਬਿੰਦ ਸਿੰਘ 1699 ਦੀ ਵਿਸਾਖੀ ਦਾ ਪ੍ਰੋਗਰਾਮ ਆਯੋਜਿਤ ਕੀਤਾ। ਇਹ ਸ਼ਬਦ ਤਾਂ ਆਪ ਨੇ ਪਹਿਲਾ ਹੀ ਉਚਾਰਨ ਕਰ ਦਿੱਤਾ ਸੀ।

ਯਾਹੀ ਕਾਲ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਾਲਵਣ, ਸੰਤ ਉਬਾਰਨ ਦੁਸਟ ਸਭਨ ਕੋ ਮੂਲ ਉਪਾਰਨ॥

ਕੇਸਗੜ੍ਹ ਦੀ ਧਰਤੀ ਤੋਂ ਤਲਵਾਰ ਚਮਕੀ ਬਾਣੀ ਦਾ ਉਚਾਰਨ ਹੋਇਆ। ਸਤਿਲੁਜ ਦਾ ਨਿਰਮਲ, ਸੀਤਲ ਜਲ ਮੰਗਵਾਇਆ, ਸਰਬ ਲੋਹ ਦਾ ਬਾਟਾ, ਮਿਠਾਸ ਅਤੇ ਖੰਡਾ ਸ਼ੁਰੂ ਹੋਇਆ ਨਵਾਂ ਅਧਿਆਏ।

ਅੰਤਹਕਰਨ ਸ਼ੁੱਧ ਰੱਖੋ ਨਿਰਮਲ ਜਲ ਵਾਂਗ, ਇਸ ਅੰਤਹਕਰਨ (ਆਤਮਾ) ਨੂੰ ਸਾਂਭਣ ਵਾਲਾ ਮਨ ਫੌਲਾਦੀ ਲੋਹੇ ਵਰਗਾ ਸਖਤ ਹੋਵੇ ਪਰ ਉਸ ਦੀ ਮਿਠਾਸ ਨਾ ਕਦੇ ਘੱਟਣ ਦੇਣੀ ਤੇ ਮੌਤ (ਖੰਡਾ) ਜੋ ਇਸ ਸਭ ਕ੍ਰਿਆ ਦਾ ਜ਼ਰੂਰੀ ਅੰਗ ਹੈ ਸਦਾ ਯਾਦ ਰਹੇ। ਜੋ ਲੋਕ ਮੌਤ ਨਾਲ ਇਸ ਜੀਵਨ ਜਾਂਚ ਰੂਪੀ ਟਾਹਣੀ ਨੂੰ ਹਿਲਾਉਂਦੇ ਰਹਿੰਦੇ ਹਨ ਉਹ ਗੁਲਾਮ ਨਹੀਂ ਹੋ ਸਕਦੇ। ਪੰਜਾਬ ਦੀ ਧਰਤੀ 'ਤੇ ਇਸ ਕ੍ਰਾਂਤੀ ਨੇ ਨਵੀਂ ਬਹਾਰ ਲਿਆਂਦੀ।

"ਇਸ ਸਾਲ ਦੀ ਵਿਸਾਖੀ ਨੂੰ ਪ੍ਰੇਮ ਦੇ ਪੁਜਾਰੀ ਸੱਚੀ-ਮੁਚੀ ਸਿਰ ਤਲੀ ਤੇ ਰੱਖ ਕੇ ਮੈਦਾਨ ਵਿੱਚ ਨਿੱਤਰ ਪਏ ਅਤੇ ਅਜਿਹੇ ਨਿੱਤਰੇ ਕਿ ਇਸ ਤੋਂ ਅਗਲੀ ਅਰਥਾਤ ਅਠ੍ਹਾਰਵੀਂ ਸਦੀ ਕਰਾਮਾਤਾਂ ਦੀ ਸਦੀ ਬਣ ਗਈ। ਅਕਹਿ ਤੇ ਅਸਹਿ ਕਸ਼ਟ ਸਹਿ ਸਹਿ ਕੇ ਪੰਜਾਬ ਦੇ ਵੀਰ ਸਪੁੱਤਰਾਂ ਨੇ ਇਸ ਸੌ ਵਰ੍ਹੇ ਦੇ ਅੰਦਰ-ਅੰਦਰ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਆਦਰਸ਼ ਪੂਰਾ ਕਰ ਕੇ ਵਿਖਾ ਦਿੱਤਾ ਤੇ 1799 ਈ. ਤੱਕ ਪੰਜਾਬ ਮੁਗਲ ਹਕੂਮਤ ਦੇ ਚੁੰਗਲ ਵਿਚੋਂ ਨਿਕਲ ਕੇ ਪੂਰਨ ਤੌਰ ਤੇ ਸੁਤੰਤਰ ਹੋ ਗਿਆ।" ਲਾਲ ਸਿੰਘ ਗਿਆਨੀ, ਪੰਜਾਬ ਦੀ ਵੀਰ ਪਰੰਪਰਾ

ਜੁਲਮ ਦੇ ਝੰਬੇ, ਹਾਰੇ ਅਤੇ ਬੇਰਸ ਹੋ ਚੁੱਕੇ ਭਾਰਤੀ ਮਨੁੱਖ ਨੂੰ ਨਵਾਂ ਜੀਵਨ ਮਿਲਿਆ। ਨਵਾਂ ਲਕਬ ਮਿਲਿਆ 'ਖਾਲਸਾ' ! ਜਿਸ ਅੰਦਰ ਊਚ ਨੀਚ ਦਾ ਭੇਦ ਨਹੀਂ, ਨਾਂ ਹੀ ਹਉਮੈ ਦੀ ਲੇਸ ਤੇ ਨਾ ਹੀ ਵਿਕਾਰਾਂ ਦੀ ਗ੍ਰਿਫ਼ਤ ਬਿਲਕੁਲ ਆਜ਼ਾਦ

ਮੈਂ ਤੁਹਾਨੂੰ ਅਬਿਨਾਸ਼ੀ
ਅਕਾਲ ਪੁਰਖ ਦੇ ਲੜ ਲਾਇਆ ਹੈ,
ਤੁਹਾਨੂੰ ਉਸ ਨੂੰ ਸੌਂਪ ਦਿੱਤਾ ਹੈ।
ਸਦਾ ਪ੍ਰਭੂ ਦੀ ਸੁਰੱਖਿਆ ਵਿੱਚ ਰਹੋ
ਅਤੇ ਅਕਾਲ ਪੁਰਖ ਤੋਂ ਬਿਨਾਂ
ਕਿਸੇ ਉੱਤੇ ਟੇਕ ਨਾ ਰੱਖੋ।

ਇਸ ਸਿਧਾਂਤ ਅਤੇ ਉਪਦੇਸ਼ ਨੂੰ ਜਦੋਂ ਫਿਰ ਦੁਹਰਾਨ ਦੀ ਜ਼ਰੂਰਤ ਪਈ ਤਾਂ ਇਸ ਵਾਰ ਧਰਤੀ ਸ੍ਰੀ ਭੈਣੀ ਸਾਹਿਬ ਦੀ ਚੁਣੀ ਗਈ। ਸਿਖ ਹਾਜ਼ਰ ਹੋਏ, ਬਾਣੀ ਪੜ੍ਹੀ ਗਈ, ਖੰਡਾ ਫਿਰ ਨਿਰਮਲ ਜਲ ਵਿੱਚ ਮਿਠਾਸ ਘੋਲਣ ਲੱਗਾ। ਹੁਣ ਖਾਲਸੇ ਅੱਗੇ ਨਵਾਂ ਦੁਸ਼ਮਣ ਸੀ। ਆਪਣੇ ਵਿਕਾਰਾਂ ਤੋਂ ਵੀ ਜਿਤਣਾ ਤੇ ਗੈਰ ਦੀ ਗੁਲਾਮੀ ਵੀ ਦੂਰ ਕਰਨੀ। ਇਸ ਸੰਘਰਸ਼ ਅੰਦਰ ਵੀ ਕਈ ਮੁਸ਼ਕਲਾਂ ਆਈਆਂ ਪਰ ਗੁਰੂ ਕੇ ਸਿੰਘਾਂ ਨੇ ਬਾਣੀ, ਬਾਣੇ ਅਤੇ ਸਿੱਖੀ ਸਿਧਾਂਤਾਂ ਆਸਰੇ ਇਸ ਜੰਗ ਨੂੰ ਵੀ ਜਿੱਤ ਲਿਆ।

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਜਾਣੁ ਰਜਾਦੀ ਉਤਰੀ ਪੈਨ੍ਹਿ ਸੂਹੀ ਸਾਰੀ॥53॥**
ਜਿਸ ਤਰ੍ਹਾਂ ਕੋਈ ਸ਼ਹਿਜ਼ਾਦੀ ਲਾਲ ਸਾੜ੍ਹੀ ਪਹਿਨ ਕੇ ਉੱਤਰ ਆਈ ਹੋਵੇ।
A princess, adorned in a red dress.

**ਪਉੜੀ॥**

**ਦੁਰਗਾ ਅਤੈ ਦਾਨਵੀ ਭੇੜ ਪਇਆ ਸਬਾਹੀਂ॥**
ਚੰਡਿਕਾ ਅਤੇ ਦੈਂਤਾਂ ਦਾ ਸਵੇਰ ਤੋਂ ਜੰਗ ਸ਼ੁਰੂ ਹੋ ਗਿਆ।
The war between Chandika and the demons began in the morning.

**ਸਸਤ੍ਰ ਪਜੂਤੇ ਦੁਰਗਸ਼ਾਹ ਗਹ ਸਭਨੀ ਬਾਹੀਂ॥**
ਦੁਰਗਾ ਨੇ ਸਾਰਿਆਂ ਹੱਥਾਂ ਵਿੱਚ ਚੰਗੀ ਤਰ੍ਹਾਂ ਸ਼ਸਤ੍ਰ ਫੜ੍ਹੇ ਹੋਏ ਸਨ।
Durga, like Chandi, had a weapon in each hand.

**ਸੁੰਭ ਨਿਸੁੰਭ ਸੰਘਾਰਿਆ ਬਤ ਜੇਹੇ ਸ਼ਾਹੀਂ॥**
ਦੁਰਗਾ ਨੇ ਰਾਖਸ਼ਾਂ ਵਿੱਚ ਵੱਡੇ ਨਾਮੀ ਯੋਧਿਆਂ ਸੁੰਭ ਤੇ ਨਿਸੁੰਭ ਨੂੰ ਮਾਰ ਦਿੱਤਾ।
Durga defeated the mighty Sumbh and Nisumbh.

**ਫਉਜਾਂ ਰਾਕਸਿਆਰੀਆਂ ਦੇਖ ਰੋਵਨਿ ਧਾਹੀਂ॥**
ਰਾਖਸ਼ਾਂ ਦੀਆਂ ਫੌਜਾਂ ਸੁੰਭ ਤੇ ਨਿਸੁੰਭ ਦੀਆਂ ਲੋਥਾਂ ਵੇਖ ਕੇ ਧਾਹਾਂ ਮਾਰ-ਮਾਰ ਰੋਂਦੀਆਂ ਸਨ।
Seeing their commander dead, the demon army cried.

**ਮੁਹਿ ਕੜੂਚੇ ਘਾਹ ਦੇ ਛਡਿ ਘੋੜੇ ਰਾਹੀਂ॥**
ਰਾਖਸ਼ ਮੂੰਹਾਂ ਵਿੱਚ ਘਾਹ ਦੇ ਤੀਲੇ ਲੈ ਕੇ ਅਤੇ ਘੋੜਿਆਂ ਨੂੰ ਰਾਹਾਂ ਵਿੱਚ ਹੀ ਛੱਡ ਕੇ ਭੱਜ ਗਏ।
Accepting defeat (blade of grass in mouth) they fled, leaving their horses behind.

**ਭਜਦੇ ਹੋਏ ਮਾਰੀਅਨਿ ਮੁੜਿ ਝਾਕਨ ਨਾਹੀਂ॥54॥**
ਭੱਜੇ ਜਾਂਦੇ ਰਾਖਸ਼ਾਂ ਨੂੰ ਦੁਰਗਾ ਪਿੱਛਾ ਕਰਕੇ ਮਾਰ ਰਹੀ ਸੀ,
ਪਰ ਉਹਨਾਂ ਵਿੱਚ ਪਿੱਛੇ ਵੇਖਣ ਦੀ ਵੀ ਜੁਰਅਤ ਨਹੀਂ ਸੀ ਰਹੀ।
Durga killed those who tried to flee.
Those who ran, didn't have the courage to look back.

**ਪਉੜੀ॥**

**ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥**
ਦੁਰਗਾ ਨੇ ਸੁੰਭ ਅਤੇ ਨਿਸੁੰਭ ਨੂੰ ਯਮਲੋਕ ਭੇਜ ਦਿੱਤਾ।
Durga sent Sumbh and Nisumbh to the city of death, Yama.

**ਇੰਦ੍ਰ ਸੱਦ ਬੁਲਾਇਆ ਰਾਜ ਅਭਿਖੇਕ ਨੋ॥**
ਇੰਦਰ ਨੂੰ ਰਾਜ ਤਿਲਕ ਲਈ ਬੁਲਾਵਾ ਭੇਜਿਆ।
She called upon Indra to take up his thrown.

**ਸਿਰ ਪਰਿ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥**
ਰਾਜੇ ਇੰਦਰ ਦੇ ਸਿਰ 'ਤੇ ਰਾਜ ਦਾ ਛਤ੍ਰ ਝੁਲਾਇਆ ਗਿਆ।
A ceremonial whisk was waved over his head.

**ਚਉਦਹ ਲੋਕਾਂ ਛਾਇਆ ਜਸੁ ਜਗ ਮਾਤ ਦਾ॥**
ਚੌਦਾਂ ਲੋਕਾਂ ਵਿੱਚ ਜਗਤ ਮਾਤਾ (ਦੁਰਗਾ, ਚੰਡੀ, ਭਵਾਨੀ, ਦੇਵੀ) ਦਾ ਜੱਸ ਫੈਲ ਗਿਆ।
The praise for the mother of this world (Durga, Chandi, Bhavani, Devi) spread to every corner of the 14 realms.

**ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥**
ਚੰਡੀ ਦੀ ਵਾਰ ਦਾ ਇਹ ਸਾਰਾ ਪਾਠ ਪਉੜੀ ਛੰਦ ਵਿੱਚ ਲਿਖਿਆ ਹੈ।
This story has been composed with verses and stanzas.

**ਫੇਰਿ ਨ ਜੂਨੀ ਆਇਆ ਜਿਨਿ ਇਹੁ ਗਾਇਆ॥55॥**
ਇਹ ਬਾਣੀ ਪੜ੍ਹਨ ਵਾਲਾ ਜੰਮਣ-ਮਰਨ ਤੋਂ ਮੁਕਤ ਹੋ ਜਾਂਦਾ ਹੈ।
Those who read this composition will be free from birth and death.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਹੋਲਾ ਮਹੱਲਾ, ਸ੍ਰੀ ਭੈਣੀ ਸਾਹਿਬ 17 ਮਾਰਚ 2025

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਪਿਛਲੇ ਕੁਝ ਦਿਨਾਂ ਤੋਂ ਸਾਧ ਸੰਗਤ ਹੋਈ ਹੈ, ਗੁਰਬਾਣੀ ਸੁਣੀ ਹੈ, ਹਰ ਜੱਸ ਹੋਇਆ ਹੈ, ਨਾਮ ਸਿਮਰਨ ਕੀਤਾ ਗਿਆ ਹੈ, ਸੇਵਾ ਹੋਈ ਹੈ। ਇੱਕ ਵਾਰ ਉਸ ਪਾਰਬ੍ਰਹਮ ਸਰੂਪ ਸਤਿਗੁਰੂ ਨੂੰ ਯਾਦ ਕਰੀਏ, ਜਿੰਨ੍ਹਾਂ ਨੇ ਸਾਨੂੰ ਸਿੱਖੀ ਨਾਲ ਜੋੜ ਕੇ ਰੱਖਿਆ ਹੈ। ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ।

ਕਿਰਪਾ ਕਰੇ ਜਿਸ ਪਾਰਬ੍ਰਹਮ ਹੋਵੈ ਸਾਧੂ ਸੰਗ। ਇਹ ਨਾਮ ਸਿਮਰਨ ਕਿਰਪਾ ਤੋਂ ਬਿਨ੍ਹਾਂ ਨਹੀਂ ਮਿਲਦਾ। ਮਾਇਆ ਇੰਨੀ ਪ੍ਰਬਲ ਏ ਕਿ ਮਾਇਆ ਦੇ ਵਿੱਚ ਸਾਨੂੰ ਮਾਇਆ ਦੇਣ ਵਾਲਾ ਨਹੀਂ ਯਾਦ ਰਹਿੰਦਾ। ਕਿਉਂਕਿ ਉਹ ਦਾਤ ਪਿਆਰੀ ਹੋ ਜਾਂਦੀ ਏ, ਦਾਤਾਰ ਭੁੱਲ ਜਾਂਦਾ ਹੈ। ਸਤਿਗੁਰੂ ਜੀ ਕਿਰਪਾ ਕਰਦੇ ਹਨ ਤੇ ਸਾਨੂੰ ਇਹ ਵਡਮੁੱਲਾ ਸਮਾਂ ਮਿਲਦਾ ਹੈ, ਨਾਮ ਸਿਮਰਨ ਕਰਦੇ ਹਾਂ ਤੇ ਉਸ ਦਾਤਾਂ ਦੇਣ ਵਾਲੇ ਦਾਤਾਰ ਨੂੰ ਯਾਦ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਮੈਂ ਅਰਜ਼ ਕਰਾਂ ਕਿ ਇਹ ਮਨੁੱਖਾ ਜਨਮ ’ਚ ਅਸੀਂ ਕੇਵਲ ਇਹ ਸਮਝ ਲੈਨੇ ਹਾਂ ਕਿ ਅਸੀਂ ਮਾਇਆ ਕਮਾਉਣੀ ਹੈ, ਕੰਮ ਕਾਰ ਕਰਨੇ ਹਨ, ਇਹਨਾਂ ਗੱਲਾਂ ਚ ਹੀ ਲੰਘ ਜਾਂਦਾ ਹੈ ਪਰ ਸਭ ਤੋਂ ਵੱਡਾ ਮਨੁੱਖਾ ਜਨਮ ਦਾ ਇੱਕ ਹੀ ਪ੍ਰਯੋਜਨ ਹੈ ਕਿ ਹੋਰ ਕਿਸੇ ਜੂਨ ਵਿੱਚ ਗਿਆਨ ਨਹੀਂ ਹੋ ਸਕਦਾ। ਕੇਵਲ ਤੇ ਕੇਵਲ ਮਨੁੱਖਾ ਜਨਮ ਵਿੱਚ ਹੀ ਸਾਡਾ ਜੰਮਣ-ਮਰਨ ਦਾ ਜਿਹੜਾ ਦੁੱਖ ਹੈ, ਉਹ ਕੱਟਿਆ ਜਾ ਸਕਦਾ ਹੈ। ਸੋ ਸਤਿਗੁਰੂ ਜੀ ਕਿਰਪਾ ਕਰਨ ਜਿਸ ਨਾਮ-ਬਾਣੀ ਨਾਲ ਸਾਨੂੰ ਉਹਨਾਂ ਨੇ ਕਿਰਪਾ ਕਰਕੇ ਜੋੜਿਆ ਹੈ, ਉਹ ਕਰਦਿਆਂ ਹੋਇਆਂ ਸਾਡੇ ’ਤੇ ਬਖਸ਼ਿਸ਼ ਹੋਵੇ, ਜੋ ਗੁਰਬਾਣੀ ਵਿੱਚ ਸਾਨੂੰ ਸਿੱਖਿਆਵਾਂ ਦਿੰਦੇ ਹਨ ਹੁਕਮ ਕਰਦੇ ਹਨ, ਉਹ ਸਾਡੇ ਅੰਦਰ ਵੱਸ ਸਕਣ ਤਾਂ ਕਿ ਸਾਡਾ ਜੀਵਨ ਵੀ ਸਫਲ ਹੋ ਸਕੇ।

ਸਤਿਗੁਰੂ ਜੀ ਦੇ ਹੁਕਮਾਂ ਨੂੰ ਯਾਦ ਕਰਦੇ ਹੋਏ ਮੈਂ ਅਰਜ਼ ਕਰਾਂ ਕਿ ਘੱਟੋ ਘੱਟ ਇੱਕ ਘੰਟਾ ਨਾਮ ਸਿਮਰਨ ਹਰ ਇੱਕ ਸਿੰਘ, ਬੀਬੀ ਤੇ ਬੱਚਾ ਜ਼ਰੂਰ ਕਰਿਆ ਕਰਨ। ਨਾਮ ਸਿਮਰਨ ਬਹੁਤਿਆਂ ਕੋਲੋ ਛੁੱਟਦਾ ਜਾਂਦਾ ਹੈ, ਘੱਟਦਾ ਜਾਂਦਾ ਹੈ। ਜਿਸ ਤਰ੍ਹਾਂ ਸਤਿਗੁਰੂ ਜੀ ਵੀ ਫਰਮਾਉਂਦੇ ਹਨ- “ਆਖਣਿ ਅਉਖਾ ਸਾਚਾ ਨਾਉ” ਪਰ ਨਾਲ ਇਹ ਵੀ ਬਚਨ ਕਰਦੇ ਹਨ ਕਿ- “ਸਾਚੇ ਨਾਮ ਕੀ ਲਾਗੈ ਭੂਖ, ਉਤ ਭੂਖੈ ਖਾਇ ਚਲੀਅਹਿ ਦੂਖ”, ਜੇ ਆਪਾਂ ਆਪਣੇ ਦੁੱਖ ਦੂਰ ਕਰਨੇ ਨੇ। ਇੱਕ ਮੈਂ ਅਰਜ਼ ਕਰਾਂ ਕਿ ਧਰਮ ਦਾ ਸਭ ਤੋਂ ਵੱਡਾ ਪ੍ਰਯੋਜਨ ਕੀ ਹੈ ਕਿ ਸਾਡੇ ਦੁੱਖ ਮਿਟਾਉਣੇ ਹਨ। ਸਾਨੂੰ ਖੁਸ਼ੀ ਨਾਲ ਜੋੜਨਾ ਹੈ। ਜਿੰਨਾਂ ਚਿਰ ਅਸੀਂ ਸੱਚ ਨਾਲ ਨਹੀਂ ਜੁੜਦੇ ਉਨ੍ਹਾਂ ਚਿਰ ਦੁੱਖਾਂ ਦੀ ਚੱਕੀ ਝੋਈ ਰਹਿੰਦੀ ਹੈ। ਖੁਸ਼ੀ ਨਾਲ ਜੁੜਨਾ ਹੀ ਸਾਡਾ ਸਿਮਰਨ ਕਰਨ ਦਾ ਇੱਕ ਪ੍ਰਯੋਜਨ ਹੈ। ਅਸੀਂ ਸਤਿਗੁਰਾਂ ਦੀ ਰਜ਼ਾ ਵਿੱਚ ਰਹਿਣਾ ਹੈ। ਅਸੀਂ ਕੁਦਰਤ ਦੇ ਅਨੁਸਾਰ ਚਲਣਾ ਹੈ, ਕੁਦਰਤ ਨੇ ਸਾਡੇ ਅਨੁਸਾਰ ਨਹੀਂ ਚੱਲਣਾ।

ਇਸ ਮੇਲੇ ਦੀ ਸੇਵਾ, (ਸਭ ਤੋਂ ਪਹਿਲਾਂ ਤੇ ਸੇਵਾ ਵੱਡੇ ਭਾਗਾਂ ਨਾਲ ਮਿਲਦੀ ਹੈ) ਥਾਈਲੈਂਡ ਦੀ ਸਾਧ ਸੰਗਤ ਵਲੋਂ ਹੋਈ ਹੈ ਤੇ ਮੈਂ ਜੇ ਕਹਾਂ ਕਿ ਮਾਈਆਂ ਬੀਬੀਆਂ ਵਲੋਂ ਉਚੇਚੇ ਤੌਰ ਤੇ ਅੱਗੇ ਲੱਗ ਕੇ ਕੀਤੀ ਹੈ। ਬਹੁਤ ਵੱਡੀ ਗਿਣਤੀ ਵਿਚ ਕਰੀਬ 200 ਦੇ ਕਰੀਬ ਸਾਧ ਸੰਗਤ ਥਾਈਲੈਂਡ ਤੋਂ ਪਹੁੰਚੀ ਹੈ। ਮੈਂ ਸਮਝਦਾ ਕਿ ਸਿੱਖੀ ਵਿੱਚ ਸੇਵਾ ਦੀ ਮਹਾਨਤਾ ਬਹੁਤ ਜਿਆਦਾ ਹੈ। ਜੇ ਉਹ ਸੇਵਾ ਬਿਨ੍ਹਾਂ ਲਾਲਚ ਤੋਂ ਨਿਸ਼ਕਾਮ ਭਾਵਨਾ ਨਾਲ ਕੀਤੀ ਜਾਵੇ ਤਾਂ ਉਸਦੀ ਰੀਸ ਨਹੀਂ। ਉਸ ਸਖਸ਼ੀਅਤ ਨੂੰ ਯਾਦ ਕਰਨ ਨੂੰ ਦਿਲ ਕਰਦਾ ਹੈ, ਜਿੰਨਾਂ ਦੇ ਚਰਨਾਂ ਦਾ ਅਸੀਂ ਆਨੰਦ ਮਾਣਿਆ ਹੈ, ਜਿੰਨ੍ਹਾ ਨੇ ਇਸ ਭੈਣੀ ਸਹਿਬ ਨੂੰ ਸਿਰਜਿਆ ਹੈ, ਮੇਰਾ ਭਾਵ ਮਾਤਾ ਚੰਦ ਕੌਰ ਜੀ ਤੋਂ ਹੈ ਜੋ ਸੇਵਾ ਅਤੇ ਸਾਦਗੀ ਦਾ ਰੂਪ ਹੋ ਗਏ। ਬਿਨ੍ਹਾਂ ਹੰਕਾਰ ਤੋਂ ਤਨ-ਮਨ ਤੋਂ ਸੇਵਾ ਕਰਨ ਦੀਆਂ ਬਹੁਤ ਘੱਟ ਉਦਾਹਰਨਾਂ ਮਿਲਦੀਆਂ ਹਨ। ਸਾਦਗੀ ਦਾ ਪ੍ਰਤੱਖ ਪ੍ਰਮਾਣ ਮੇਰਾ ਖਿਆਲ ਮਾਤਾ ਜੀ ਦਾ ਆਨੰਦ ਕਾਰਜ 16-17 ਸਾਲ ਦੀ ਉਮਰ ਵਿੱਚ ਹੋਇਆ ਸੀ ਅਤੇ ਜਿੰਨ੍ਹਾਂ ਚਿਰ ਵੀ ਮਾਤਾ ਜੀ ਇੱਥੇ ਰਹੇ ਹਨ ਮਾਤਾ ਜੀ ਨੇ ਸਾਦਗੀ ਤੇ ਸੇਵਾ ਦਾ ਪ੍ਰਤੱਖ ਪ੍ਰਮਾਣ ਦਿੱਤਾ। ਸੋ ਉਹਨਾਂ ਨੂੰ ਯਾਦ ਕਰਦਿਆਂ ਮਾਤਾ ਜੀ ਸਾਡੇ ਤੇ ਕਿਰਪਾ ਕਰਨ ਤੇ ਸਤਿਗੁਰੂ ਜੀ ਵੀ ਸਾਡੇ ਤੇ ਬਖ਼ਸ਼ਿਸ਼ ਕਰਨ ਤੇ ਸੇਵਾ ਕਰਨ ਦਾ ਬਲ ਬਖ਼ਸ਼ਣ।

ਸੇਵਾ ਦੀ ਮਿਸਾਲ ਸਤਿਗੁਰੂ ਜੀ ਨੇ ਕਿਵੇਂ ਸੈੱਟ ਕੀਤੀ ਕਿ ਜਦੋਂ ਸਤਿਗੁਰੂ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤੇ ਸੰਗਤ

ਵਿੱਚ ਵਿਚਰ ਕੇ ਸੇਵਾ ਕਰਨੀ ਔਖੀ ਹੋ ਗਈ ਸੀ। ਆਪ ਜੀ ਦੇ ਸੇਵਕ ਦੱਸਦੇ ਹਨ ਕਿ ਸਤਿਗੁਰੂ ਜੀ ਨੇ ਅੱਧੀ ਰਾਤ ਆਪ ਚੱਲ ਕੇ ਸੁਖਦੇਵ ਸਿੰਘ ਟਿੱਬੇ ਵਾਲਿਆ ਦੇ ਨਾਲ ਮਿਲ ਕੇ ਝਾੜੂ ਨਾਲ ਸੇਵਾ ਕਰਨੀ। ਜਦੋਂ ਅਸੀਂ ਹੱਥੀ ਸੇਵਾ ਕਰਦੇ ਹਾਂ ਤਾਂ ਸਾਡਾ ਮਨ ਨਿਰਮਲ ਹੁੰਦਾ ਜਾਂਦਾ ਹੈ। ਇੱਕ ਮੈਂ ਅਰਜ਼ ਕਰਾਂ ਕਿ ਅਸੀਂ ਜਿੱਥੇ ਪਲ਼ੇ ਹਾਂ ਉਸ ਮਰਿਆਦਾ ਨੂੰ ਭੁੱਲਦੇ ਜਾਂਦੇ ਹਾਂ, ਸੇਵਾ ਕਰਨ ਦਾ ਢੰਗ ਬਦਲਦਾ ਜਾਂਦਾ ਹੈ। ਮੈਂ ਘਰਾਂ 'ਚ ਜਾਂਦਾ ਹਾਂ ਤੇ ਦੇਖਦਾ ਹਾਂ ਕਿ ਜਾਂਦਿਆਂ ਨੂੰ ਕੈਟਰਿੰਗ ਵਾਲੇ ਸੱਦੇ ਹੁੰਦੇ ਹਨ, ਭਾਂਡੇ ਧੋਣ ਲਈ ਬਾਹਰੋਂ ਸੱਦੇ ਹੁੰਦੇ ਹਨ। ਸਿੱਖ ਹੋਣ ਦੇ ਨਾਤੇ ਸਾਨੂੰ ਹੱਥੀ ਸੇਵਾ ਕਰਨੀ ਚਾਹੀਦੀ ਹੈ। ਸਿੱਖ ਕਿਸੇ ਦੀ ਸੇਵਾ ਕਰਕੇ ਆਪਣੇ ਵੱਡੇ ਭਾਗ ਸਮਝਦਾ ਹੈ। ਤੁਸੀਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਸੁਣਿਆ ਹੈ ਕਿ ਸਤਿਗੁਰੂ ਜੀ ਬਚਨ ਕਰਦੇ ਹਨ ਕਿ ਜੋ ਮੇਰੇ ਕੋਲੋਂ ਸੇਵਾ ਕਰਵਾ ਲੈਂਦੇ ਹਨ, ਮੈਂ ਉਹਨਾਂ ਦਾ ਧੰਨਵਾਦੀ ਹਾਂ। ਇੱਕ ਲਾਈਨ ਵਿੱਚ ਹੀ ਕਿੰਨੀ ਵੱਡੀ ਗੱਲ ਆ ਜਾਂਦੀ ਹੈ। ਸਤਿਗੁਰੂ ਜੀ ਬਚਨ ਕਰਦੇ ਹਨ ਕਿ ਜੋ ਮੇਰੇ ਕੋਲੋਂ ਸੇਵਾ ਕਰਵਾ ਲੈਂਦਾ ਹੈ, ਮੈਂ ਉਸਦਾ ਧੰਨਵਾਦੀ ਹਾਂ।

ਸੋ ਸੇਵਾ, ਸਿਮਰਨ ਤੇ ਸਾਦਗੀ, ਇੰਨ੍ਹਾਂ ਤਿੰਨਾਂ ਚੀਜਾਂ ਵਿੱਚ ਸਿੱਖੀ ਹੈ। ਜਦੋਂ ਸਾਡੇ ਅੰਦਰ ਸਿੱਖੀ ਆ ਜਾਂਦੀ ਹੈ ਤਾਂ ਹੰਕਾਰ ਦੂਰ ਹੋ ਜਾਂਦਾ ਹੈ ਤਾਂ ਸਾਡਾ ਜੀਵਨ ਸੁਖਾਲਾ ਹੋ ਜਾਂਦਾ ਹੈ। ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਾਡੇ ਤੋਂ ਵੱਧ ਤਰੱਕੀ ਕਰਨ... ਮਾਇਆ ਵਾਲੇ ਪਾਸਿਉਂ ਉਹ ਸਾਡੇ ਤੋਂ ਅੱਗੇ ਹੋਣ ਤੇ ਇਹ ਹੋ ਵੀ ਰਿਹਾ ਹੈ ਪਰ ਇਸ ਦੇ ਨਾਲ-ਨਾਲ ਸਾਡੇ ਬੱਚਿਆਂ ਅੰਦਰ ਸਿੱਖੀ ਦਾ ਚਾਅ ਵੀ ਵਧੇ ਫੁੱਲੇ... ਉਹ ਵੱਧ ਤੋਂ ਵੱਧ ਗੁਰਬਾਣੀ ਪੜ੍ਹਨ.. ਨਾਮ ਸਿਮਰਨ ਕਰਨ ਤੇ ਸਿੱਖੀ ਦੇ ਰਸਤੇ ਤੇ ਪਰਪੱਕ ਹੋਣ। ਸੋ ਤੁਹਾਡੇ ਸਾਰਿਆਂ ਦੇ ਚਰਨਾਂ ਵਿੱਚ ਬੇਨਤੀ ਹੈ ਉਹਨਾਂ ਹੀ ਸਤਿਗੁਰਾਂ ਦਾ ਹੁਕਮ ਦੁਹਰਾਉਂਦਿਆਂ ਹੋਇਆਂ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਨਾ ਛੱਡੋ। ਬਹੁਤ ਘਰਾਂ ਵਿੱਚ ਅੰਮਿਰਤ ਵੇਲੇ ਦਾ ਇਸ਼ਨਾਨ ਘੱਟਦਾ ਜਾਂਦਾ ਹੈ। ਇੱਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ।


ਮੈਂ ਅਰਜ਼ ਕਰਾਂ ਕਿ ਗੁਰਬਾਣੀ ਇੱਕ ਜੀਵਨ ਜਾਚ ਏ। ਅਸੀਂ ਗੁਰਬਾਣੀ ਨੂੰ ਕੇਵਲ ਇੱਕ ਮੰਤਰ ਸਮਝ ਕੇ ਈ ਨਾ ਬੈਠ ਜਾਈਏ। ਗੁਰੂ ਨਾਨਕ ਪਾਤਸ਼ਾਹ ਨੇ ਕਿਰਪਾ ਕੀਤੀ ਏ ਅਸੀਂ ਬਾਣੀ ਨੂੰ ਪੜ੍ਹ ਕੇ ਜੀਵਨ ਵਿੱਚ ਅਪਣਾਈਏ। ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਿਆ ਕਰਦੇ ਸਨ ਕਿ ਜਿਸ ਤਰ੍ਹਾਂ ਇੱਕ ਮੀਲ ਪੱਥਰ ਤੇ ਲਿਖਿਆ ਹੁੰਦਾ ਹੈ ਕਿ ਚੰਡੀਗੜ੍ਹ ਇੰਨਾਂ ਮੀਲ ਹੈ ਤੇ ਜੇ ਅਸੀਂ ਉਨਾਂ ਨਹੀਂ ਚੱਲਾਂਗੇ ਤਾਂ ਅਸੀਂ ਉੱਥੇ ਨਹੀਂ ਪਹੁੰਚ ਸਕਦੇ। ਸੋ ਗੁਰਬਾਣੀ ਇੱਕ ਜੀਵਨ ਜਾਚ ਏ ਭਾਵੇਂ ਇੱਕ ਇੱਕ ਰੋਜ਼ ਪੰਕਤੀ ਨੂੰ ਸਮਝ ਕੇ ਉਸ ਤੇ ਅਭਿਆਸ ਕਰ ਲਈਏ, ਸਾਡਾ ਜੀਵਨ ਸੁਖੀ ਹੋ ਜਾਏਗਾ। ਅਗਲਾ ਜਿਹੜਾ ਅੱਸੂ ਦਾ ਮੇਲਾ ਹੈ ਉਹ ਡਾਲਟਨਗੰਜ ਵਾਲਿਆਂ ਦੇ ਪਰਿਵਾਰ ਵਲੋਂ ਹੈ.. ਸੇਠ ਅਮਰ ਸਿੰਘ ਜੀ ਸੇਠ ਕਿਰਪਾਲ ਸਿੰਘ ਹੁਰਾਂ ਦੇ ਪਰਿਵਾਰ ਵਲੋਂ ਹੈ। ਅਗਲਾ ਜਿਹੜਾ ਹੋਲਾ ਹੈ ਉਹ ਸਰਦਾਰ ਬਲਦੇਵ ਸਿੰਗ ਜੀ ਫਰਾਂਸੀਏ, ਕਰੀਵਾਲਾ, ਉਹਨਾਂ ਵਲੋਂ ਹੋਏਗਾ। ਸੇਵਾ ਕਰਨ ਵਾਲਿਆਂ ਸਾਰਿਆਂ ਲਈ ਧੰਨਵਾਦ ਅੱਖਰ ਤੇ ਬਹੁਤ ਛੋਟਾ ਹੈ। ਉਹਨਾਂ ਸਾਰਿਆਂ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਨੇ, ਜਿੰਨ੍ਹਾਂ ਨੇ ਸੇਵਾ ਕੀਤੀ ਏ, ਬਹੁਤ ਸੇਵਾ ਹੋਈ ਹੈ, ਸਾਧ ਸੰਗਤ ਆਈ ਹੈ, ਨਾਮ ਸਿਮਰਨ ਕੀਤਾ ਏ। ਉਹਨਾਂ ਸਾਰਿਆਂ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਹੁਤ ਬਹੁਤ ਖੁਸ਼ੀਆਂ। ਸੋ ਸਤਿਗੁਰੂ ਜੀ ਸਾਡੇ ਤੇ ਕਿਰਪਾ ਕਰਨ.. ਆਪਣਾ ਹੁਕਮ ਮਨਾਉਣ। ਸਿੱਖੀ ਅਦਵੈਤ ਦੀ ਏ। ਸਾਡੇ ਵਿੱਚ ਵੀ ਸਾਧੂ ਪੈਦਾ ਹੋਣ। ਭਜਨੀਕ ਪੈਦਾ ਹੋਣ। ਅਸੀਂ ਵੀ ਸਤਿਗੁਰਾਂ ਦਾ ਹੁਕਮ ਮੰਨ ਕੇ ਆਂਪਣਾ ਜੀਵਨ ਸਫਲਾ ਕਰੀਏ। ਇੱਕ ਮੇਂ ਹੋਰ ਅਰਜ਼ ਕਰਾਂ ਕਿ ਮੇਰੇ ਕੋਲ ਇੱਕ ਬੀਬੀ ਇੰਗਲੈਂਡ ਤੋਂ ਕਹਿ ਰਹੀ ਸੀ ਕਿ ਇੱਥੇ ਜਿੰਨੀਆਂ ਵੀ ਅਰਦਾਸਾਂ ਹੁੰਦੀਆਂ ਹਨ ਸਾਰੇ ਇਹੀ ਮੰਗਦੇ ਹਨ ਕਿ ਪੁੱਤਰ ਦੀ ਦਾਤ ਬਖ਼ਸ਼ੋ। ਪੁੱਤਰੀ ਲਈ ਕੋਈ ਨਹੀਂ ਕਹਿੰਦਾ। ਅਸੀਂ ਰੋਜ਼ ਸੁਣਦੇ ਹਾਂ ਕਿ 'ਸੋ ਕਿਓ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਸੋ ਅਸੀਂ ਪੁੱਤਰ ਪੁੱਤਰੀ 'ਚ ਕਦੇ ਫਰਕ ਨਾ ਸਮਝੀਏ। ਸਤਿਗੁਰੂ ਜੀ ਨੇ ਵੀ ਸਾਨੂੰ ਇਸਤਰੀ ਦਾ ਸਤਿਕਾਰ ਕਰਨਾ ਸਿਖਾਇਆ ਹੈ।

ਸਤਿਗੁਰੂ ਰਾਮ ਸਿੰਘ ਜੀ ਵੀ ਹੁਕਮਨਾਮਿਆਂ ਵਿੱਚ ਫ਼ਰਮਾਉਂਦੇ ਹਨ ਕਿ 'ਭਾਈ ਅਨੇਕ ਗੁਣ ਨੇ ਇਸਤਰੀ ਦੇ ਮੇਰੇ ਤੇ ਗਿਣੇ ਨਹੀਂ ਜਾਂਦੇ। ਵਿਆਹ ਵਾਲਿਆ ਨੂੰ ਵੀ ਮੈਂ ਅਰਜ਼ ਕਰਾਂ ਕਿ ਆਨੰਦ ਕਾਰਜ ਹੋਏ ਨੇ। ਚੌਥੇ ਪਾਤਸ਼ਾਹ ਜੀ ਦੀਆਂ ਲਾਵਾਂ ਪੜ੍ਹੀਆਂ ਨੇ। ਨੌਵੇਂ ਮਹੱਲੇ ਦੇ ਸਲੋਕ ਪੜ੍ਹੇ ਗਏ ਹਨ। ਨਾਮ ਸਿਮਰਨ ਹੋਇਆ ਹੈ। ਸੋ ਘਰੇ ਜਾ ਕੇ ਪਾਰਟੀਆਂ ਕਰ ਕੇ ਇੱਸ ਪਵਿੱਤਰ ਰਸਮ ਨੂੰ ਛੋਟਾ ਨਾ ਕੀਤਾ ਜਾਵੇ। ਸਤਿਗੁਰੂ ਜੀ ਕਿਰਪਾ ਕਰਨ, ਸਾਡੇ ਸਾਰਿਆਂ ਤੇ ਬਖ਼ਸਿਸ਼ ਕਰਨ। ਤੁਸੀਂ ਸਾਰੇ ਖੁਸ਼ ਰਹੋ... ਇੰਨੀਆਂ ਅਰਜ਼ਾਂ ਕਰਦਾ ਹੋਇਆ ਮੈਂ ਆਪ ਜੀ ਤੋਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

........................................................

# ਵਿਸਾਖੀ : ਇਕ ਕ੍ਰਾਂਤੀ



**ਗੁਰੂਬਚਨ ਸਿੰਘ**
**93160-51015**

ਹਵਾ, ਪੂਰਵਈਆ ਦੇ ਰੂਪ ਵਿਚ ਸਹਜ-ਸਹਜ ਵਗਦੀ ਰਹਿੰਦੀ ਹੈ...ਜੀਵਨ ਦੇ ਸੁਖੇਵੇਂ ਅਹਿਸਾਸ ਵਿਚ ਖੇੜੇ ਦਾ ਸਪਰਸ਼ ਕਰਾਉਂਦੀ ਹੋਈ। ਪਰ, ਕੁਦਰਤ ਦੇ ਕਈ ਤੱਤ, ਪ੍ਰਤੀਰੋਧ ਵਿਚ ਹਵਾ ਦੇ ਅੰਦਰ ਹੀ ਕ੍ਰਿਆਸ਼ੀਲ ਰਹਿੰਦੇ ਹਨ ਅਤੇ ਅਵਸਰ ਵੇਖ ਕੇ, ਪੱਛਮੀ ਵਿਛੋਭ ਦੇ ਰੂਪ ਵਿਚ ਚੱਕ੍ਰਵਰਤੀ ਬਵੰਡਰ ਬਣ ਕੇ ਉੱਠ ਖਲੋਂਦੇ ਹਨ, ਵਿਸਾਖੀ ਦਿਹਾੜੇ ਵਾਂਗ।

1699 ਦੀ ਵਿਸਾਖੀ ਜਾਂ ਬਿਕਰਮੀ 1857 ਦੀ ਵਿਸਾਖੀ ਨੂੰ, ਮੈਂ ਚਕ੍ਰਵਰਤੀ ਬਵੰਡਰ ਦੇ ਰੂਪ ਵਿਚ ਵੇਖਦਾ ਹਾਂ।

ਸੰਨ 1675 ! ਬਾਲ ਗੋਬਿੰਦ ਰਾਏ, ਗੁਰੂ ਪਿਤਾ ਦਾ ਕੱਟਿਆ ਹੋਇਆ ਸੀਸ ਵੇਖ ਕੇ, ਵੀਚਾਰਾਂ ਦੀ ਤੇਜ਼ ਹਨੇਰੀ ਵਿਚ ਇਕੱਲੇ ਖੜ੍ਹੇ ਹਨ। ਘਰ ਵਿਚ ਬਸ ਦੋ ਔਰਤਾਂ ਹਨ, ਇਕ ਮਾਤਾ ਗੁਜਰੀ, ਦੂਜੀ ਦਾਦੀ ਮਾਤਾ ਨਾਨਕੀ ਜੀ ! ਕੋਈ ਹੋਰ, ਹੌਸਲਾ ਦੇਣ ਵਾਲਾ ਨਹੀਂ। ਸਕੇ ਤਾਏ ਦਾ ਲੜਕਾ ਧੀਰਮੱਲ, ਔਰੰਗਜ਼ੇਬ ਨਾਲ ਮਿਲ ਕੇ, ਗੁਰੂ ਘਰ ਵਿਰੋਧੀ ਸਾਜ਼ਿਸ਼ਾਂ ਲਗਾਤਾਰ ਕਰ ਰਿਹਾ ਸੀ। ਨੌਵੇਂ ਪਾਤਸ਼ਾਹ ਦੀ ਸ਼ਹਾਦਤ, ਧੀਰਮੱਲ ਦੀਆਂ ਚਾਲਾਂ ਦਾ ਹੀ ਅੰਜ਼ਾਮ ਸੀ। ਗੁਰੂ ਨਾਨਕ ਦੇ ਜਾਂ ਨਸ਼ੀਨ 'ਹਿੰਦੁਨ ਪੀਰ' ਕਹਿ ਕੇ ਸੰਬੋਧਤ ਕੀਤੇ ਜਾਂਦੇ ਸਨ। ਹਿੰਦੂ ਪਹਾੜੀ ਰਾਜਿਆਂ ਦਾ ਮੁਖੀ, ਭੀਮਚੰਦ ਕਹਿਲੂਰੀਆ, ਬਿਲਾਸਪੁਰ ਦਾ ਰਾਜਾ, ਰੋਜ਼ ਕੁਝ ਨਾ ਕੁਝ ਸ਼ਰਾਰਤ ਛੇੜਛਾੜ ਕਰਦਾ ਰਹਿੰਦਾ। ਨਾਹਨ ਦਾ ਰਾਜਾ ਮੇਦਨੀ ਪ੍ਰਕਾਸ਼, ਗੁਰੂ ਗੋਬਿੰਦ ਸਿੰਘ ਨੂੰ ਨਾਲ ਹੀ ਲੈ ਗਿਆ। ਪਾਂਵਟੇ, ਜਮੁਨਾ ਕੰਢੇ ਡੇਰਾ ਕਰਵਾਇਆ। ਸਤਿਗੁਰਾਂ ਨੇ ਬਹੁਤ ਯਤਨ ਕੀਤੇ, ਕਿਵੇਂ ਵੀ ਕਰ ਕੇ, ਹਿੰਦੂ ਸ਼ਕਤੀ ਨੂੰ ਇਕ ਜੁੱਟ ਰੱਖ ਸਕੀਏ। ਮੇਦਨੀ ਪ੍ਰਕਾਸ਼ ਅਤੇ ਗੜਵਾਲੀ ਰਾਜਾ ਫਤਿਹ ਸ਼ਾਹ ਨੂੰ, ਜੱਫੀ ਪਾ ਕੇ ਵੈਰੀ ਤੋਂ ਭਾਈ ਬਣਾ ਦਿੱਤਾ। ਪਰ, ਥੋੜ੍ਹੇ ਸਮੇਂ ਮਗਰੋਂ ਹੀ, ਪਹਾੜੀ ਰਾਜਿਆਂ ਦੀ ਫ਼ੌਜ (ਇਕ ਮੇਦਨੀ ਪ੍ਰਕਾਸ਼ ਨੂੰ ਛੱਡ ਕੇ) ਨੇ ਭੰਗਾਣੀ ਦੀ ਜੰਗ ਸ਼ੌਂਕ ਦਿੱਤੀ। ਸਤਿਗੁਰਾਂ ਦੀ ਜਿੱਤ ਹੋਈ। ਨਦੌਣ ਦੀ ਜੰਗ, ਪਹਾੜੀ ਰਾਜਿਆਂ ਅਤੇ ਅਲਫਖਾਨ ਵਿਚ ਹੋਈ। ਫਿਰ ਲਾਹੌਰ ਤੋਂ ਆਏ ਹੁਸੈਨੀ ਨਾਲ, ਪਹਾੜੀ ਰਾਜਿਆਂ ਦੀ ਜੰਗ ਹੋਈ। ਦੋਵੇਂ ਜੰਗਾਂ, ਸਤਿਗੁਰ ਜੀ ਦੀ ਸਹਾਇਤਾ ਨਾਲ, ਪਹਾੜੀ ਰਾਜਿਆਂ ਦੀ ਜਿੱਤ ਹੋਈ। ਸੰਨ 1699 ਦੀ ਵਿਸਾਖੀ ਤੇ ਰਿਵਾਲਸਰ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਸਤਿਗੁਰ ਜੀ ਨੇ 'ਹਿੰਦੂ ਸ਼ਕਤੀ' ਦੀ ਏਕਤਾ ਦੀ ਤਜ਼ਵੀਜ ਵੀ ਰੱਖੀ। ਪਰ ਫਿਰ ਪਹਾੜੀ ਰਾਜਿਆਂ ਨੇ, ਦਿੱਲੀ, ਲਾਹੌਰ ਦੀ ਮੁਗ਼ਲ ਫ਼ੌਜਾਂ ਨਾਲ ਮਿਲ ਕੇ ਆਨੰਦਪੁਰ ਨੂੰ ਘੇਰ ਲੈਣ ਦੇ ਮਨਸੂਬੇ ਬਣਾਏ...ਕੇਸਰੀ ਚੰਦ ਦੀ ਅਗਵਾਈ ਵਿਚ ਫ਼ੌਜਾਂ ਨੇ ਸ੍ਰੀ ਅਨੰਦਪੁਰ ਸਾਹਿਬ ਘੇਰ ਲਿਆ। ਸ਼ਰਾਬ ਪਿਆ ਕੇ ਹਾਥੀ ਛੱਡਿਆ। ਸਤਿਗੁਰਾਂ ਦਾ ਥਾਪੜਾ ਲੈ ਕੇ, ਭਾਈ ਬਚਿੱਤਰ ਸਿੰਘ ਨੇ ਹਾਥੀ ਮਾਰਿਆ। ਸ਼ਾਂਤੀ ਵਾਰਤਾ, ਸਮਝੌਤਾ...ਕੁਝ ਕੰਮ ਨਾ ਆਇਆ ਤਾਂ ਕੁਦਰਤ ਅੰਦਰ ਇਕ ਬਵੰਡਰ, ਇਕ ਝੰਝਾਵਤ ਉੱਠ ਖਲੋਤਾ ਔਰ 'ਖਾਲਸਾ ਸਿਰਜਣਾ' ਦੇ ਰੂਪ ਵਿਚ ਪ੍ਰਗਟ ਹੋਇਆ। ਵਿਸਾਖੀ 1699, ਕ੍ਰਾਂਤੀ ਬਿੰਬ ਬਣ ਗਈ।

158 ਸਾਲ ਮਗਰੋਂ ਸੰਨ 1857 ਤੱਕ ਸਪਤ ਸਿੰਧ ਦਾ ਬਹੁਤ ਪਾਣੀ ਵਗ ਗਿਆ। ਸਿਆਸੀ ਸਮੀਕਰਨ ਦੇ ਨਾਲ-ਨਾਲ ਭੂਗੋਲਿਕ ਤਲ 'ਤੇ ਬਹੁਤ ਕੁਝ ਬਦਲ ਗਿਆ। ਸੰਨ 1708 ਦੇ ਨਾਂਦੇੜ ਕੌਤਕ ਤੋਂ ਬਾਦ, ਸਿੱਖਾਂ ਦੇ ਸਿਰ 'ਤੇ ਜ਼ਾਹਰ 'ਗੁਰੂ' ਨਾ ਰਹੇ ਤਾਂ ਸਿੱਖੀ ਰਹਿਤ ਮਰਿਆਦਾ, ਰਹੁ ਰੀਤਾਂ, ਸਭਿਆਚਾਰਕ ਕਦਰਾਂ ਕੀਮਤਾਂ, ਹੌਲੀ-ਹੌਲੀ ਸਭ ਕਿਤੇ ਪਿੱਛੇ ਡਿੱਗ ਪਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕੇ, ਸਿੱਖ ਸੂਰਬੀਰਤਾ ਭਰੇ ਇਤਿਹਾਸ...ਸਭ ਕੁਝ ਗਵਾਚ

ਗਿਆ। ਆਪਣੇ ਹੀ ਸਿੱਖ ਰਾਜੇ- ਮਹਾਰਾਜੇ, ਲੀਡਰ ਸਾਹਿਬਾਨ, ਲਿਖਾਰੀ, ਪ੍ਰਚਾਰਕ...ਬਹੁਤੇ ਅੰਗਰੇਜ਼ੀ ਪੈਸ਼ਨਾਂ ਦੇ ਭੋਗ-ਲੋਭ ਵਿਚ, ਬ੍ਰਿਟਿਸ਼ ਹਕੂਮਤ ਦੇ ਚਾਟੂਕਾਰ ਬਣ ਗਏ ਸਨ। ਸੰਨ 1845 ਤੋਂ ਸੰਨ 1857 ਤੱਕ 12 ਸਾਲ, ਅਕਾਲ ਬੁੰਗੇ ਜਾਂ ਕਿਤੇ ਭੈਣੀ ਦੇ ਰੇਤੀਲੇ ਟਿੱਬਿਆਂ 'ਤੇ ਆਤਮ ਚਿੰਤਨ ਵਿਚ ਮਗਨ, ਇਕੱਲੇ ਸਤਿਗੁਰੂ ਰਾਮ ਸਿੰਘ ! ਕੁਦਰਤ ਕ੍ਰਿਆਸ਼ੀਲ ਹੋ ਰਹੀ ਸੀ...ਨਵੀਂ ਊਰਜਾ ਦਾ ਸਿਰਜਣ ਕਰ ਰਹੀ ਸੀ। ਤਾਂ ਵਿਸਾਖੀ 1857 ਇਕ ਕ੍ਰਾਂਤੀ ਬਣ ਕੇ ਜਗ ਪ੍ਰਗਟ ਹੋਈ...ਖਾਲਸਾ ਫੇਰ ਜੀਵਤ ਹੋਇਆ। ਸਿੱਖੀ ਸਰੂਪ, ਸੂਰਬੀਰਤਾ, ਰਹਿਤ, ਪੰਜ ਕਕਾਰਾਂ ਅਤੇ ਦਸਮ ਗੁਰੂ ਦੀ ਮਰਿਆਦਾ ਵਾਲਾ 'ਸੰਤ ਖਾਲਸਾ', ਪੂਰਨ ਸਿੱਖੀ ਸ਼ਾਨ ਸਹਿਤ ਫਿਰੰਗੀਆਂ ਨੂੰ ਵੰਗਾਰਨ ਲੱਗਾ।

ਗੁਰੂ ਨਾਨਕ ਤੋਂ ਆਰੰਭ, ਵਰਤਮਾਨ ਸਤਿਗੁਰੂ ਤੱਕ ਸਿੱਖ ਫ਼ਲਸਫ਼ਾ, ਬੰਦੇ ਨੂੰ ਇਨਸਾਨ ਬਣਾਉਣ ਲਈ ਪ੍ਰਤੀਬੱਧ ਰਿਹਾ ਹੈ। ਸ੍ਰੀ ਗੁਰੂ ਨਾਨਕ ਦਾ ਸੰਕਲਪ "ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ" ਨੂੰ ਸਮਰਪਤ ਹੈ। ਬੰਦੇ ਨੂੰ ਵਿਚਾਰ ਮੁਕਤ ਕਰ ਕੇ, ਜੀਵਾਤਮਾ ਨਾਲ, ਜੋਤਿ ਨਾਲ, ਪ੍ਰੀਚੈ ਕਰਵਾਉਣਾ ਅਤੇ ਫਿਰ ਅਗਲਾ ਕਦਮ, ਜੀਵ-ਬ੍ਰਹਮ ਦਾ ਮਿਲਾਪ ਸੰਭਵ ਹੋਣਾ...ਇਹੋ ਸਿੱਖ ਧਰਮ ਦਰਸ਼ਨ ਹੈ।

ਪੰਜਵੇਂ ਪਾਤਸ਼ਾਹ, ਮਾਝ ਰਾਗ ਵਿਚ ਬਾਰਹ ਮਾਹਾ ਉਚਾਰਦੇ ਹਨ-

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥

ਇਹ ਜੀਵਨ, ਮਿਲਣ ਦੀ ਘੜੀ ਬਣ ਜਾਏ। ਕੋਈ ਗੁਰੂ, ਕੋਈ ਸੰਤ, ਹਰੀ ਮਿਲਾ ਦੇਵੇ।

ਉਹ ਹਰੀ ਕਿੱਥੇ ਹੈ ? ਜਨਕ ਦੀ ਸਭਾ ਵਿਚ, ਗਾਰਗੀ, ਯੱਗਵਲੱਕ ਰਿਸ਼ੀ ਤੋਂ ਪੁੱਛਦੀ ਹੈ, ਕਹਿੰਦੇ ਹਨ, ਪਾਣੀ ਜੀਵਨ ਹੈ। ਇਹ ਸੁੱਕ ਕੇ ਕਿੱਥੇ ਜਾਂਦਾ ਹੈ ? 'ਵਾਯੂ ਵਿਚ', ਯੱਗਵੱਲਕ ਜੀ।

ਔਰ ਵਾਯੂ ?-ਗਾਰਗੀ।
'ਬ੍ਰਹਮਾਂਡ ਵਿਚ'- ਰਿਸ਼ੀ ਯੱਗਵਲੱਕ।
ਫਿਰ ਬ੍ਰਹਮੰਡ ? - ਗਾਰਗੀ।
'ਬ੍ਰਹਮ ਵਿਚ' - ਉਤਰ।
ਔਰ ਬ੍ਰਹਮ ? - ਆਖਰੀ ਪ੍ਰਸ਼ਨ।
'ਜਨ ਵਿਚ'- ਯੱਗਵਲੱਕ।
ਤਾਂ ਪੰਜਵੇਂ ਪਾਤਸ਼ਾਹ, 'ਸੁਖਮਨੀ' ਵਿਚ ਇਹ ਰਹੱਸ ਖੋਲ੍ਹਦੇ ਹਨ-

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥
ਏਕਹਿ ਆਪਿ ਨਹੀ ਕਛੁ ਭਰਮੁ॥

ਜੁਗਾਂ ਤੋਂ ਦੁਨੀਆਂ ਦੇ ਗੁਰੂ ਜਨ, ਇਸ 'ਸਤਿ' ਨੂੰ ਪੜ੍ਹਦੇ ਰਹੇ, ਪੜ੍ਹਾਉਣ ਦਾ ਜਤਨ ਕਰਦੇ ਰਹੇ। ਸਿਖਿਆਰਥੀ, ਆਪਣੀ ਮਤਿ ਅਨੁਸਾਰ ਅਰਥ ਬੋਧ ਕਰਦੇ ਰਹੇ। ਯੂਨਾਨ ਵਿਚ, ਸੁਕਰਾਤ ਨੇ ਬਹੁਤ ਕੁਝ ਕਿਹਾ, ਪਲੇਟੋ ਨੇ ਦੱਸਿਆ। ਅਰਸਤੂ ਦੇ ਦੱਸੇ ਹੋਏ 'ਸਤਿ' ਨੂੰ ਸ਼ਕਤੀ ਰੂਪ ਵਿਚ ਸਵੀਕਾਰ ਕਰ ਕੇ, ਸਿਕੰਦਰ ਦੁਨੀਆਂ ਜਿੱਤਣ ਲਈ ਟੁਰ ਪਿਆ। ਲੱਖਾਂ ਲੋਕ ਮਾਰੇ ਗਏ। ਇਕ ਗ਼ਲਤ ਅਰਥ ਬੋਧ ਨੇ ਅਨਰਥ ਕਰ ਦਿੱਤਾ।

ਅੱਠ ਵਰ੍ਹਿਆਂ ਦਾ 'ਨਾਨਕ' ਜਨੇਊ ਗਲ ਪਾਉਣ ਤੋਂ ਨਾਂਹ ਕਰ ਦਿੰਦਾ ਹੈ। ਜੁਗਾਂ ਪੁਰਾਣੀ ਪਰੰਪਰਾ ਨੂੰ, ਮਨੁੱਖੀ ਸਮਾਜ ਪ੍ਰਤੀ, ਜੀਵ ਮਾਤਰ ਪ੍ਰਤੀ, ਦਇਆ ਅਤੇ ਕਰੁਣਾ ਦੇ ਸੰਦਰਭ ਵਿਚ, ਸਵੀਕਾਰ ਕਰਨ ਲਈ ਤਿਆਰ ਹਨ, ਦੇ ਘਿਸੀ ਪਿਟੀ ਹੋਈ ਪਰੰਪਰਾ ਦੇ ਨਿਰਵਾਹ ਨੂੰ ਤੋੜ ਕੇ, ਦੁਨੀਆਂ ਨੂੰ ਸੁਖੀ, ਕਰਨ ਲਈ ਨਿਕਲ ਪੈਂਦੇ ਹਨ।ਇਹ ਕ੍ਰਾਂਤੀ ਸੀ।ਸੰਨ 1674 ਵਿਚ, ਪੰਡਤ ਕਿਰਪਾ ਰਾਮ ਦੀ ਅਗੁਵਾਈ ਵਿਚ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਜੱਥਾ, ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਕੋਲ ਮੁਗ਼ਲ ਅੱਤਿਆਚਾਰ ਦੇ ਵਿਰੁੱਧ, ਜਬਰਨ ਧਰਮ ਪ੍ਰੀਵਰਤਨ ਦੇ ਵਿਰੁੱਧ ਫ਼ਰਿਆਦ ਕਰਦੇ ਹਨ ਤਾਂ ਅੱਠ ਵਰ੍ਹੇ ਦਾ ਬਾਲਕ ਗੋਬਿੰਦ ਰਾਏ, ਆਪਣੇ ਹੀ ਗੁਰੂ ਪਿਤਾ ਤੋਂ ਸੁਣਦਾ ਹੈ ਕਿ ਧਰਮ ਕੁਰਬਾਨੀ ਮੰਗਦਾ ਹੈ..ਕਿਸੇ ਮਹਾਂਪੁਰਖ ਦੀ ਸ਼ਹਾਦਤ ਮੰਗਦਾ ਹੈ ਤਾਂ ਗੋਬਿੰਦ ਰਾਏ ਕਹਿੰਦਾ ਹੈ, ਪਿਤਾ ਜੀ, ਆਪ ਤੋਂ ਵੱਡਾ ਮਹਾਂਪੁਰਖ...ਆਪ ਜਿਹਾ ਪਵਿੱਤਰ, ਇਸ ਸ਼ਹਾਦਤ ਲਈ ਹੋਰ ਕੌਣ ਹੋ ਸਕਦਾ ਹੈ ? ਇਹ ਕ੍ਰਾਂਤੀ ਸੀ।

ਤਾਂ, ਮੈਂ ਕਹਿੰਦਾ ਹਾਂ, ਵਿਸਾਖੀ, ਮਾਤਰ ਇਕ ਪੁਰਬ ਦਿਹਾੜਾ ਨਹੀਂ ਹੈ, ਕਰੋੜਾਂ ਮਨੁੱਖਾਂ ਦੇ ਨਾਲ, ਪ੍ਰਾਣੀ ਮਾਤਰ ਦੇ ਨਾਲ ਸੰਵੇਦਨਸ਼ੀਲ ਹੋ ਕੇ, ਖਲੋ ਜਾਣ ਦਾ ਦਿਹਾੜਾ ਹੈ। ਸੰਸਾਰ ਦੇ ਲੋਭ ਜਾਂ ਭੈਅ ਨੂੰ ਉਡਾ ਕੇ, ਦੁਖੀਆਂ, ਮਜਲੂਮਾਂ ਦੇ ਨਾਲ ਟੁਰ ਪੈਣ ਦਾ ਖਿਣ ਹੈ।

ਰਵਿੰਦਰਨਾਥ ਟੈਗੋਰ ਦੇ ਸ਼ਬਦਾਂ ਵਿਚ-

ਜੋਦਿ ਤੋਰ ਡਾਕ ਸੁਣੇ ਕੋਊ ਨ ਆਸੇ
ਤੋਬੇ ਏਕਲਾ ਚਲੋ ਰੇ।

ਜੇ ਤੇਰੀ ਪੁਕਾਰ ਜਗ ਨਾ ਸੁਣੇ, ਕੋਈ ਨਾਲ ਨਾ ਆਵੇ ਤਾਂ ਇਕੱਲਾ ਤੁਰ ਪਓ।

..........................................................

# ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ ਬਿਆਨਣ ਵਾਲੀ ਰਚਨਾ– ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼



**ਸੁਵਰਨ ਸਿੰਘ ਵਿਰਕ**
**99963–71716**

ਸੰਤ ਕਾਲਾ ਸਿੰਘ ਨੰਗਲ ਕਲਾਂ ਨਜ਼ਦੀਕ ਪੱਖੋਵਾਲ (ਲੁਧਿਆਣਾ) ਨੇ 1914 ਈ. ਵਿੱਚ ਆਪਣੀ ਅਮਰ ਰਚਨਾਂ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਸ. ਬੁੱਧ ਸਿੰਘ ਮੈਨੇਜਰ ਦੇ ਪ੍ਰਬੰਧ ਹੇਠ ਸ੍ਰੀ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਿਚੋਂ ਛਪਾਈ ਸੀ। ਪੁਸਤਕ ਦਾ ਸਾਰ ਤੱਤ ਮੁੱਖ ਪੰਨਾ ਜਾਂ ਟਾਈਟਲ ਪੇਜ ਤੇ ਇਉਂ ਦਿੱਤਾ ਗਿਆ ਹੈ– "ਸਾਕਾ ਮਲੇਰ ਕੋਟਲੇ ਦਾ, ਜਿਸ ਵਿੱਚ ਅੱਸੀਆਂ ਸਿੰਘਾਂ ਦਾ ਤੋਪਾਂ ਮੂਹਰੇ ਸ਼ਹੀਦ ਹੋਣਾ ਹੈ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਗੁਰੂ ਹਰੀ ਸਿੰਘ ਜੀ ਤੇ ਸ੍ਰੀ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ ਦਾ ਆਦਿ ਤੋਂ ਅੰਤ ਤਾਈਂ ਅਰ ਸਾਰੇ ਸੰਤ ਖਾਲਸੇ ਦਾ ਠੇਠ ਪੰਜਾਬੀ ਬੈਤਾਂ ਵਿੱਚ ਸੰਪੂਰਨ ਬ੍ਰਿਤਾਂਤ ਅਤੇ ਬੜੀ ਰਸੀਲੀ ਕਵਿਤਾ ਵਿੱਚ ਬਰਨਨ ਹੈ।"

ਆਪਣੇ ਛਪਣ ਕਾਲ ਤੋਂ ਬਾਅਦ ਛੇਤੀ ਹੀ ਇਹ ਕਿਤਾਬ ਪਾਠਕਾਂ ਲਈ ਦੁਰਲਭ ਹੋ ਗਈ। ਬਹੁਤ ਨੱਸ ਭੱਜ ਅਤੇ ਕਈ ਲਾਇਬਰੇਰੀਆਂ ਦੀ ਛਾਣ ਬੀਣ ਤੋਂ ਬਾਅਦ ਵੀ ਜਦੋਂ ਇਸ ਬਾਰੇ ਕੋਈ ਉੱਘ ਸੂਹ ਨਾਂ ਮਿਲੀ ਤਾਂ ਕਵੈਂਟਰੀ (ਯੂ.ਕੇ.) ਨਿਵਾਸੀ ਹਰਜਿੰਦਰ ਸਿੰਘ ਕੰਵਲ ਜੀ ਨੇ ਬ੍ਰਿਟਿਸ਼ ਲਾਇਬਰੇਰੀ ਲੰਡਨ ਤੋਂ ਇਸ ਕਿਤਾਬ ਦੀ ਸੀ. ਡੀ. ਪ੍ਰਸਿੱਧ ਖੋਜੀ ਵਿਦਵਾਨ ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ ਹੋਰਾਂ ਨੂੰ ਭੇਜ ਦਿੱਤੀ। ਉਹਨਾਂ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ 2014 ਈ. ਵਿੱਚ ਇਸ ਨੂੰ ਸੰਪਾਦਿਤ ਕਰਕੇ ਦੂਸਰੀ ਵੇਰ, ਸ੍ਰੀ ਭੈਣੀ ਸਾਹਿਬ ਤੋਂ ਪ੍ਰਕਾਸ਼ਿਤ ਕਰਵਾ ਦਿੱਤਾ। ਇਸ ਤਰ੍ਹਾਂ ਨਾਮਧਾਰੀ ਇਤਿਹਾਸ ਦਾ ਇਕ ਸਰੋਤ ਜਾਂ ਹਵਾਲਾ ਪੁਸਤਕ, ਪਾਠਕਾਂ ਅਤੇ ਸਾਹਿਤ, ਇਤਿਹਾਸ–ਖੋਜੀਆਂ ਦੇ ਹੱਥਾਂ ਵਿੱਚ ਪਹੁੰਚ ਗਿਆ ਹੈ। ਇਸ ਪੁਸਤਕ ਵਿੱਚ ਲੇਖਕ ਜਾਂ ਕਵੀ ਦਾ ਨਾਮ ਗਿਆਨੀ ਭਾਈ ਕਾਲਾ ਸਿੰਘ ਨਾਮਧਾਰੀਆ ਕਰਕੇ ਲਿਖਿਆ ਹੈ। ਜਦੋਂ ਕਿ ਗਿਆਨੀ ਜੀ ਦੇ ਲਿਖਤ ਹੋਰ ਕੁਝ ਪੁਸਤਕ ਜੋ ਉਹਨਾਂ ਦੇ ਸਪੁੱਤਰ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨੇ ਪਿਛਲੀ ਸਦੀ ਦੇ ਸਤਵੇਂ ਦਹਾਕੇ ਵਿੱਚ ਛਪਵਾਏ ਸਨ, ਜਿਹਾ ਕਿ "ਕੂਕੇ ਸਿੰਘ ਤੇ ਅੰਗਰੇਜ਼ ਰਾਜ", "ਸ਼ਹੀਦ ਬਿਲਾਸ" (ਸ੍ਰੀ ਅੰਮ੍ਰਿਤਸਰ) ਵਿੱਚ ਨਾਮਧਾਰੀ ਸਿੰਘ ਸ਼ਹੀਦ, ਇਹਨਾਂ ਵਿੱਚ ਉਹਨਾਂ ਨੇ ਕਵੀ ਦਾ ਅੱਖਰੀ ਨਾਮ ਗਿਆਨੀ ਕਾਹਲਾ ਸਿੰਘ ਲਿਖਿਆ ਹੈ ਜਦੋਂ ਕਿ ਇਸੇ ਕਵੀ ਦੀ ਪ੍ਰਥਮ ਰਚਨਾ ਪੈਂਤੀਸ ਅੱਖਰੀ ਜੋ ਸ਼ਾਇਦ ਉਨੀਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਪਹਿਲਾਂ ਛਪੀ ਸੀ ਤੇ ਦੁਬਾਰਾ 1928 ਈ. ਵਿੱਚ ਸ੍ਰੀ ਭੈਣੀ ਸਾਹਿਬ ਤੋਂ ਸਤਿਜੁਗ ਦੇ ਸੰਪਾਦਕ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਭੂਮਿਕਾ ਸਮੇਤ ਛਪਵਾਈ ਸੀ, ਉਸ ਵਿੱਚ ਕਵੀ ਦਾ ਨਾਮ ਬਜ਼ੁਰਗੀ ਕਾਰਨ ਬਾਬਾ ਕਾਲਾ ਸਿੰਘ ਜੀ ਹੀ ਲਿਖਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਵੀ ਉਹਨਾਂ ਦਾ ਨਾਮ ਭਾਈ ਕਾਲਾ ਸਿੰਘ ਕਰਕੇ ਹੀ ਆਇਆ ਹੈ। ਇਸ ਲਈ ਅੱਜ ਕੱਲ੍ਹ ਦੇ ਸਾਹਿਤਕਾਰਾਂ ਨੇ ਉਹਨਾਂ ਦੇ ਕਾਲਾ ਸਿੰਘ ਜਾਂ ਕਾਹਲਾ ਸਿੰਘ ਦੋਵੇਂ ਨਾਮ ਹੀ ਵਰਤੇ ਹਨ। ਉਪਰ ਵਰਣਿਤ ਚਾਰ ਕਾਵਿ ਪੁਸਤਕਾਂ ਤੋਂ ਇਲਾਵਾ "ਸ੍ਰੀ ਨਾਮਦੇਵ ਪ੍ਰਕਾਸ਼ ਜਨਮ ਸਾਖੀ ਬਾਬੇ ਨਾਮਦੇਵ ਜੀ" ਅਤੇ "ਜਨਮ ਸਾਖੀ ਭਗਤ ਰਵਿਦਾਸ" ਜੀ ਉਹਨਾਂ ਦੀਆਂ ਦੋ ਹੋਰ ਮਹੱਤਵ ਪੂਰਨ ਕਾਵਿ ਪੁਸਤਕਾਂ ਹਨ।

ਉਹਨਾਂ ਦੀ ਸਤਵੀਂ ਕਾਵਿ ਪੁਸਤਕ "ਉਸਤਤ ਨਾਮਾ (ਸ੍ਰੀ ਸਤਿਗੁਰੂ ਰਾਮ ਸਿੰਘ) ਕਵੀ ਨੇ 1889 ਈ. ਦੀਆਂ ਗਰਮੀਆਂ ਵਿੱਚ ਲਿਖੀ ਸੀ ਜਿਸ ਦਾ ਜ਼ਿਕਰ ਪੰਜਾਬੀ ਵਿਦਵਾਨ ਡਾ. ਹਰਿਭਜਨ ਸਿੰਘ ਆਪਣੀ ਪੁਸਤਕ "ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ" ਵਿੱਚ ਕਰਦੇ ਹਨ। ਉਸਤਤ ਨਾਮੇ ਵਿੱਚ ਉਹ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦਾ ਮਹਿਮਾ ਗਾਨ, ਬੈਂਤਾਂ ਅਤੇ

ਕਬਿੱਤਾਂ ਵਿੱਚ ਕਰਦੇ ਹਨ। ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਬਾਰੇ ਲਿਖਦਿਆਂ ਕਵੀ ਜੀ ਆਪਣਾ ਅਤਾ ਪਤਾ ਅਤੇ ਮਾਤਾ ਪਿਤਾ ਦਾ ਵਰਨਣ ਕਰਦੇ ਹਨ-

"ਜ਼ਿਲਾ ਲੁਧਿਆਣਾ ਨੰਗਲ ਪਿੰਡ ਮੇਰਾ,
ਪੱਖੋਵਾਲ ਹੈ ਪਾਸ ਮੁਕਾਮ ਮੇਰਾ।
ਰਾਮ ਸਿੰਘ ਪਿਤਾ ਕਰਮ ਕੌਰ ਮਾਤਾ,
ਨਿੱਝਰ ਗੋਤ ਨਾਮਾ ਵੰਸੀ ਜਾਮ ਮੇਰਾ।
ਰਾਏਕੋਟ ਮੈਂ ਹੁੰਦੇ ਸ਼ਹੀਦ ਡਿੱਠੇ,
ਸੱਤ ਸਾਲ ਉਮਰੋਂ ਸੀ ਸਨਾਮ ਮੇਰਾ।
ਉਨੀ ਸੌ ਬਤਾਲੀ ਮੇਂ ਸਿੰਘ ਸਜਿਆ,
ਗੁਰੂ ਹਰੀ ਸਿੰਘ ਰੱਖਿਆ ਨਾਮ ਮੇਰਾ।
ਕਿਰਪਾ ਓਸ ਕੀਤੀ ਦਿੱਤਾ ਵਰ ਮੈਨੂੰ,
ਕਿਰਤ ਕਰਨਾ ਠਠਿਆਰਾ ਹੈ ਕਾਮ ਮੇਰਾ।"[1]

ਕਵੀ ਦਾ ਜਨਮ ਉਸਦੀ ਆਪਣੀ ਲਿਖਤ ਮੁਤਾਬਿਕ 1864 ਈ. ਵਿੱਚ ਬਣਦਾ ਹੈ ਕਿਉਂਕਿ ਰਾਇਕੋਟ ਦਾ ਸ਼ਹੀਦੀ ਸਾਕਾ 5 ਅਗਸਤ 1871 ਈ. ਦਾ ਹੈ। ਕਵੀ ਦੇ ਆਪਣੇ ਸ਼ਬਦਾਂ ਵਿੱਚ ਜਦੋਂ 1868 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਆਪਣੇ ਪ੍ਰਚਾਰ ਦੌਰੇ ਤੇ ਕਵੀ ਦੇ ਲਾਗਲੇ ਪਿੰਡ ਗੁੱਜਰਵਾਲ (ਲੁਧਿਆਣਾ) ਆਏ ਤਾਂ ਉਸਦੇ ਪਿਤਾ ਨੇ ਸਤਿਗੁਰੂ ਜੀ ਪਾਸੋਂ ਨਾਮ ਦਾਨ ਦੀ ਮੰਗ ਕੀਤੀ ਸੀ ਪਰ ਆਪ ਜੀ ਨੇ ਇਹ ਕਹਿਕੇ ਟਾਲ ਦਿੱਤਾ ਸੀ ਕਿ ਅਜੇ ਬੜਾ ਕਰੜਾ ਸਮਾਂ ਆਉਣ ਵਾਲਾ ਹੈ ਜਦੋਂ ਬਹੁਤ ਸਾਰੇ ਸਾਡੇ ਸਿੰਘ ਵੀ ਡੋਲ ਜਾਣਗੇ, ਸੋ ਤੁਸੀਂ ਵੀ ਕੁਝ ਸਮਾਂ ਅਜੇ ਉਡੀਕ ਕਰ ਲਵੋ। ਪਰ ਕਵੀ ਜੀ ਦੀ ਦਾਦੀ ਸਤਿਗੁਰੂ ਜੀ ਦੀ ਸੇਵਕ ਸੀ। ਫਿਰ ਇਹ ਦੋਵੇਂ ਪਿਤਾ ਪੁੱਤਰ ਰਾਮ ਸਿੰਘ ਤੇ ਕਾਹਲਾ ਸਿੰਘ 1885 ਈ. ਵਿੱਚ ਗੁਰੂ ਹਰੀ ਸਿੰਘ ਜੀ ਦੇ ਸਮੇਂ ਭੈਣੀ ਸਾਹਿਬ ਜਾ ਕੇ ਨਾਮ ਦਾਨ ਲੈਂਦੇ ਹਨ।

"ਪਿਤਾ ਦਾਸ ਦਾ ਸੀ ਰਾਮ ਸਿੰਘ ਨਾਮੇ,
ਓਸ ਦੱਸਿਆ ਸੀ ਮੈਨੂੰ ਹਾਲ ਸੰਤੋ।
ਦਾਦੀ ਦਾਸ ਦੀ ਸੀ ਸੇਵਕ ਸਤਿਗੁਰੂ ਦੀ,
ਰੱਖੇ ਪਿਆਰ ਚੰਗਾ ਪੰਥ ਨਾਲ ਸੰਤੋ।
ਸੰਮਤ ਉੱਨੀ ਸੌ ਪੱਚੀਏ ਸਾਲ ਅੰਦਰ,
ਪੂਰੇ ਗੁਰੂ ਆਏ ਗੁਜਰ ਵਾਲ ਸੰਤੋ।
ਪਿਤਾ ਦਾਸ ਦਾ ਚਾਰ ਸੇ ਹੋਰ ਸਾਥੀ,
ਕਰੀ ਅਰਜ ਜਾ ਪਾਸ ਅਕਾਲ ਸੰਤੋ।
ਦੱਸੋ ਭਜਨ ਤੇ ਕਰ ਲਵੋ ਸਿਖ ਸਾਨੂੰ,
ਵਿੱਚ ਹੜੇ ਜਾਈਏ ਕਲੂ ਕਾਲ ਸੰਤੋ।
ਸਤਿਗੁਰੂ ਆਖਦੇ ਅਜੇ ਨਾ ਬਖਤ ਭਾਈ,
ਡਾਰਨ ਸਿੰਘ ਕੱਛਾਂ ਝਾੜਾਂ ਨਾਲ ਸੰਤੋ।
ਸਮਾਂ ਸਖਤ ਆਵੇ ਵਿੱਚ ਕੋਟਲੇ ਦੇ,
ਸਿੰਘ ਪਰਖ ਹੋਵੇ ਡਾਲੋ ਡਾਲ ਸੰਤੋ।
ਦਸਮ ਗੁਰੂ ਪਰਖੀ ਖੰਡੇ ਨਾਲ ਸਿੱਖੀ,
ਪੰਜ ਨਿੱਤਰੇ ਗੁਰੂ ਕੇ ਲਾਲ ਸੰਤੋ।
ਕਈ ਭੱਜਕੇ ਸਿੰਘ ਅਲੱਗ ਹੋਏ,
ਜੇਹੜੇ ਖਾਣ ਕੜਾਹਿ ਕੰਗਾਲ ਸੰਤੋ।
ਤਿਵੇਂ ਪਰਖ ਕਰਸਾਂ ਵਿੱਚ ਕੋਟਲੇ ਦੇ,
ਤੋਪ ਦਗੇ ਗੋਲਾ ਲਾਲੋ ਲਾਲ ਸੰਤੋ।
ਕਈ ਭੱਜ ਜਾਵਣ ਮੁੱਕਰ ਜਾਣ ਬਹੁਤੇ,
ਹੋਵੇ ਖਾਲਸੇ ਦਾ ਬੁਰਾ ਹਾਲ ਸੰਤੋ।
ਜਿਵੇਂ ਦਿੱਤਾ ਬਿਦਾਵਾ ਸੀ ਦਸਮ ਗੁਰੂ ਨੂੰ,
ਸਿੰਘ ਕਰਨ ਸਾਰਾ ਉਹੋ ਚਾਲ ਸੰਤੋ।
ਮੇਰਾ ਜਾਣਾ ਪਰਦੇਸ ਦੇ ਵਿੱਚ ਹੋਵੇ,
ਸਤਿਗੁਰ ਆਪ ਆਖਨ ਗੁੱਜਰਵਾਲ ਸੰਤੋ।
ਮੇਰਾ ਬਾਪ ਸੁਣਕੇ ਬਚਨ ਘਰੀਂ ਆਇਆ,
ਭਜਨ ਪੁੱਛਿਆ ਨ ਕਰੀ ਭਾਲ ਸੰਤੋ।
ਭਾਣਾ ਬਰਤਿਆ ਫੇਰ ਤਮਾਮ ਸਾਰਾ,
ਮੇਰੇ ਬਾਪ ਨੂੰ ਰਿਹਾ ਖਿਆਲ ਸੰਤੋ।
ਸੰਮਤ ਉੱਨੀ ਸੈ ਵਿੱਚ ਬਤਾਲੀਏ ਦੇ,
ਸਿੰਘ ਫੇਰ ਬਣਿਆ ਮੇਰੇ ਨਾਲ ਸੰਤੋ।
ਗਿਆ ਵਿੱਚ ਬੈਕੁੰਠ ਚੁਤਾਲੀਏ ਦੇ,
ਓਸ ਦੱਸਿਆ ਸੀ ਮੈਨੂੰ ਹਾਲ ਸੰਤੋ।
ਕਾਲਾ ਸਿੰਘ ਪ੍ਰਸੰਗ ਮੈਂ ਲਿਖੇ ਸੋਈ,
ਕੁਝ ਸੁਣੇ ਦੇਖੇ ਅੱਖਾਂ ਨਾਲ ਸੰਤੋ।"[2]

ਜਦੋਂ ਇਹ ਪਿਤਾ ਪੁੱਤਰ ਗੁਰੂ ਹਰੀ ਸਿੰਘ ਜੀ ਪਾਸ ਸ੍ਰੀ ਭੈਣੀ ਸਾਹਿਬ ਪੁੱਜੇ ਤਾਂ ਆਪ ਨੇ ਕਾਰ ਵਿਹਾਰ ਬਾਰੇ ਪੁੱਛਿਆ ਸੀ। ਇਹਨਾਂ ਨੇ ਦੱਸਿਆ ਕਿ ਛੀਂਬੇ ਸਿੰਘ ਹਾਂ ਅਤੇ ਲੋਕਾਂ ਦੇ ਕੱਪੜੇ ਧੋਕੇ ਅਤੇ ਰੰਗ ਕੇ ਗੁਜ਼ਾਰਾ ਕਰਦੇ ਹਾਂ।

ਗੁਰੂ ਜੀ ਨੇ ਆਪਣੇ ਸਿੰਘਾਂ ਵਿਚੋਂ ਹੀਣ ਭਾਵਨਾ ਕੱਢਣ ਲਈ ਹੁਕਮ ਦਿੱਤਾ, ਇਹ ਕੰਮ ਛੱਡ ਦਿਉ ਅਤੇ ਉਹਨਾਂ ਦੇ ਇਹ ਪੁੱਛਣ ਤੇ ਕਿ ਫਿਰ ਕਰੀਏ ਕਿਹੜਾ, ਆਪ ਨੇ ਕਿਹਾ ਸੀ ਜੋ ਵੀ ਕਰੋਗੇ ਵਧੀਆ ਚੱਲੇਗਾ। ਇਸ ਤੇ ਉਹਨਾਂ ਨੇ ਠਠਿਆਰਾਂ ਦਾ ਕੰਮ, ਬਰਤਨਾਂ ਦੀ ਮੁਰੰਮਤ ਨਵੇਂ ਬਨਾਉਣੇ ਅਤੇ ਕਲੀ ਆਦਿ ਕਰਨ ਦਾ ਅਰੰਭ ਲਿਆ ਸੀ। ਇਸ ਕਾਰਜ ਲਈ ਉਹ ਆਪਣੇ ਇਲਾਕੇ ਦੇ ਪਿੰਡ-ਪਿੰਡ

ਵਿੱਚ ਫਿਰ ਕੇ ਅੱਡਾ ਗੱਡਦੇ ਅਤੇ ਕਾਂਸੀ, ਤਾਂਬੇ ਆਦਿਕ ਦੇ ਬਰਤਨਾਂ ਦਾ ਕੰਮ ਕਰਦੇ। ਉਹ ਅੱਛੇ ਵਕਤਾ ਵੀ ਸਨ। ਗੁਰਬਾਣੀ ਦੇ ਗਿਆਤਾ ਵੀ ਸਨ। ਮਹੰਤ ਆਤਮਾ ਸਿੰਘ ਸਨਖਤਰਾ ਅਨੁਸਾਰ ਕਵਿਤਾ ਰਚਨ ਦੀ ਪਰੇਰਨਾ ਅਤੇ ਗਿਆਨ ਉਹਨਾਂ ਨੂੰ ਬਾਬਾ ਸ਼ਿਵ ਰਾਮ ਜੀ ਉਦਾਸੀ ਤੇ ਭਾਈ ਜੀਵਾ ਸਿੰਘ ਕਵੀਸ਼ਰ ਨੰਗਲਾਂ ਵਾਲਿਆਂ ਤੋਂ ਹਾਸਲ ਕੀਤਾ ਸੀ।[3] ਆਪ ਦੀ ਕਾਵਿ-ਮਈ ਬੋਲ ਚਾਲ ਦੀ ਭਾਸ਼ਾ, ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦੀ ਸੀ। ਇਸ ਲਈ ਆਪ ਦੇ ਅੱਡੇ ਤੇ ਰੌਣਕ ਲੱਗੀ ਰਹਿੰਦੀ। ਆਪ ਉਹਨਾਂ ਲੋਕਾਂ ਪਾਸੋਂ ਨਾਮਧਾਰੀ ਇਤਿਹਾਸ ਦੇ ਹਿਰਦੇ ਵੇਧਕ ਸਾਕਿਆਂ ਬਾਰੇ ਲੋਕ ਮਨਾਂ ਵਿੱਚ ਸੁਰੱਖਿਅਤ ਸਮੱਗਰੀ ਨੂੰ ਕੁਰੇਦ ਕੇ ਆਪਣਾ ਇਤਿਹਾਸਿਕ ਮਸਾਲਾ ਲੱਭਿਆ ਕਰਦੇ ਸਨ। ਇਹੋ ਵਜ੍ਹਾ ਹੈ ਕਿ ਆਪ ਦੇ ਪੰਥ ਪ੍ਰਕਾਸ਼ ਅਤੇ ਹੋਰ ਪੁਸਤਕਾਂ ਵਿੱਚ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਸਾਖੀਆਂ ਤੇ ਜਾਣਕਾਰੀ, ਹੋਰਨਾਂ ਸੋਮਿਆਂ ਤੋਂ ਪ੍ਰਾਪਤ ਜਾਣਕਾਰੀ ਨਾਲੋਂ ਕੁਝ ਨਵੀਨ ਅਤੇ ਵਾਧਿਆਂ ਵਾਲੀ ਵੀ ਹੈ।

ਕਵੀ ਕਾਲਾ ਸਿੰਘ ਪੰਜਾਬੀ ਭਾਸ਼ਾ ਤੋਂ ਇਲਾਵਾ ਸੰਸਕ੍ਰਿਤ, ਬ੍ਰਿਜ ਭਾਸ਼ਾ, ਉਰਦੂ ਅਤੇ ਫਾਰਸੀ ਭਾਸ਼ਾਵਾਂ ਦੀ ਜਾਣਕਾਰੀ ਰੱਖਦੇ ਸਨ। ਨਾਮਧਾਰੀ ਸ਼ਹੀਦੀ ਸਾਕੇ, ਪੈਂਤੀ ਅੱਖਰੀ ਵਿੱਚ ਮਲੇਰਕੋਟਲੇ ਦਾ ਪ੍ਰਸੰਗ ਲਿਖਣ ਸਦਕਾ, ਕਵੀ ਨੂੰ ਨਜ਼ਰਬੰਦੀ, ਤਲਾਸ਼ੀਆਂ ਆਦਿ ਸਰਕਾਰੀ ਸਖ਼ਤੀਆਂ ਵੀ ਝੱਲਣੀਆਂ ਪਈਆਂ ਸਨ। 'ਜਨਮ ਸਾਖੀ ਭਗਤ ਰਵਿਦਾਸ ਜੀ' ਵਿੱਚ ਨਿਮਨ ਜਾਣਕਾਰੀ ਕਵੀ ਜੀ ਕਾਨੀ ਬੱਧ ਕਰ ਗਏ ਹਨ-

"ਨੰਗਲ ਵੱਡਾ ਏਸ ਦੇਹ ਨੇ ਜਨਮ ਪਾਇਆ,
ਪੱਖੋਵਾਲ ਦਾ ਪਿੱਛਾ ਦਸਾਂਵਦਾ ਮੈਂ।
ਜ਼ਿਲ੍ਹਾ ਲੁਧਿਹਾਨਾ ਬਾਰਾਂ ਕੋਸ ਹੈ ਜੀ,
ਥਾਣਾ ਡੇਹਲੋਂ ਤੇ ਹੈ ਸੁਣਵਦਾ ਮੈਂ।
ਨਾਮਦੇਵ ਦੀ ਬੰਸ ਤੇ ਜਾਤ ਨਿੱਝਰ,
ਨਾਮਧਾਰੀਆ ਸਿੰਘ ਸਦਾਵਦਾਂ ਮੈਂ।
ਕੰਮ ਕਿਰਤ ਮੇਰੀ ਪਿੱਤਲ ਕੈਂਹ ਘੜਨੀ,
ਦਸਾਂ ਨੌਹਾਂ ਦੀ ਕਿਰਤ ਕਰਾਂਵਦਾ ਮੈਂ।
ਪਾਈ ਵਿੱਦਿਆ ਕਾਵਿ ਦੀ ਸੰਸਕ੍ਰਿਤੀ,
ਅਰਬੀ, ਫਾਰਸੀ ਇਲਮ ਨੂੰ ਪਾਂਵਦਾ ਮੈਂ।
ਕਿਰਪਾ ਹੋਈ ਸਤਿਗੁਰੂ ਰਾਮ ਸਿੰਘ ਦੀ,
ਅਰਥ ਕਾਵਿ ਨੂੰ ਲਿਖ ਰਖਾਂਵਦਾ ਮੈਂ।
ਲਿਖੇ ਪੁਸਤਕ ਠੇਠ ਪੰਜਾਬੀ ਅਮਦਰ,
ਸ਼ਬਦ ਸਿੱਧੇ-ਸਾਧੇ ਲਿਖੀ ਜਾਂਵਦਾ ਮੈਂ।
ਪੈਂਤੀ ਅੱਖਰੀ ਲਿਖੀ ਕਿਤਾਬ ਪਹਿਲਾਂ,
ਜ਼ੁਲਮ ਗੋਰਿਆਂ ਦਾ ਕੀਤਾ ਛਪਾਂਵਦਾ ਮੈਂ।
ਕਥਾ ਕੋਟਲੇ ਦੀ ਤੋਪ ਜ਼ਾਲਮਾਂ ਦੀ,
ਸਿੰਘ ਸ਼ਹੀਦ ਬਤਾਂਵਦਾ ਮੈਂ।
ਏਸ ਲਿਖਣ ਪਿਛੋਂ ਨਜ਼ਰ ਬੰਦ ਰਿਹਾ,
ਰਿਹਾ ਆਪਣਾ ਜੀਵਨ ਬਿਤਾਂਵਦਾ ਮੈਂ।
ਸ਼ਹੀਦ ਬਿਲਾਸ ਤੇ ਪੰਥ ਪ੍ਰਕਾਸ਼ ਰਚਿਆ,
ਨਾਮਧਾਰੀ ਪ੍ਰਸੰਗ ਬਣਾਵਦਾ ਮੈਂ।
ਨਾਮਦੇਵ ਸਾਖੀ ਕਾਹਠ ਸ਼ਬਦ ਟੀਕਾ,
ਰਚ ਸੰਗਤਾਂ ਭੇਟ ਚੜ੍ਹਾਂਵਦਾ ਮੈਂ।
ਏਨਾਂ ਛਪਣ ਵੇਲੇ ਦਿੱਕਤਾਂ ਪੇਸ਼ ਹੋਈਆਂ,
ਤਲਾਸ਼ੀ ਕਰਾਂ ਕਿਤਾਬਾਂ ਗੁਆਂਵਦਾ ਮੈਂ।
ਪਿੰਡਾਂ ਵਿੱਚ ਸਤਿਸੰਗ ਸੀ ਕੈਮ ਕੀਤਾ,
ਅੰਮ੍ਰਿਤ ਕਰ ਪ੍ਰਚਾਰ ਛਕਾਂਵਦਾ ਮੈਂ।
ਕਿਸੇ ਮਜਬ ਦੇ ਨਾਲ ਨ ਵੈਰ ਕਰਦਾ,
ਨਾਨਕ ਨਾਮ ਦਾ ਝੰਡਾ ਝੁਲਾਂਵਦਾ ਮੈਂ।

ਗਿਆਨੀ ਕਾਲਾ ਸਿੰਘ ਦੀ ਪੈਂਤੀਸ ਅੱਖਰੀ ਅਤੇ ਉਸਤਤਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਦਿ ਰਚਨਾਵਾਂ ਨਾਮਧਾਰੀ ਸ਼ਹੀਦੀ ਸਾਕਿਆਂ ਤੋਂ ਸਿਰਫ ਢਾਈ ਤਿੰਨ ਦਹਾਕੇ ਬਾਅਦ ਹੀ ਲਿਖੀਆਂ ਗਈਆਂ ਸਨ, ਇਸ ਲਈ ਇਹਨਾਂ ਦੀ ਮੌਲਿਕਤਾ ਤੇ ਉਂਗਲੀ ਨਹੀਂ ਉਠਾਈ ਜਾ ਸਕਦੀ ਇਹ ਪੰਥ ਪ੍ਰਕਾਸ਼ (ਸਿੰਘਾਂ ਨਾਮਧਾਰੀਆਂ ਦਾ) ਬੇਸ਼ੱਕ 1912-13 ਈ. ਵਿੱਚ ਲਿਖਿਆ ਗਿਆ ਸੀ, ਪਰ ਇਸ ਤੋਂ ਪਹਿਲਾਂ ਨਾਮਧਾਰੀਆਂ ਬਾਰੇ ਤਾਂ 1890 ਈ. ਦੇ ਪੰਥ ਪ੍ਰਕਾਸ਼ ਦੀ ਦੂਜੀ ਛਾਪ ਵਿਚਲੇਂ ਗਿਆਨੀ ਗਿਆਨ ਸਿੰਘ ਜੀ ਰਚਿਤ 28 ਕਬਿੱਤ ਹੀ ਮਿਲਦੇ ਹਨ। ਸੰਤ ਸੰਤੋਖ ਸਿੰਘ ਬਾਹੋਵਾਲ ਹੋਰਾਂ ਦਾ ਗ੍ਰੰਥ ਤਾਂ 1906-07 ਈ. ਵਿੱਚ ਸੰਪੂਰਨ ਹੋਇਆ ਅਤੇ ਫਿਰ ਕਿੰਨਾ ਚਿਰ ਉਸ ਨੂੰ ਸੰਗਤ ਦਰਸ਼ਨ ਨਸੀਬ ਨਹੀਂ ਹੋਏ ਕਿਉਂ ਜੁ ਅੰਗਰੇਜ਼ ਸਰਕਾਰ ਆਪਣੇ ਵਿਰੁੱਧ ਲਿਖੀ ਕਿਸੇ ਵੀ ਰਚਨਾ ਨੂੰ ਬਰਦਾਸ਼ਤ ਨਹੀਂ ਸੀ ਕਰਦੀ। ਇਸ ਲਈ ਗਿਆਨੀ ਕਾਲਾ ਸਿੰਘ ਹੋਰਾਂ ਦੀ "ਸਤਿਗੁਰੂ ਬਿਲਾਸ" ਕ੍ਰਿਤ ਬਾਹੋਵਾਲ ਤੱਕ ਰਸਾਈ ਹੋ ਸਕਣੀ ਸੰਦਿਗਧ ਮਾਲੂਮ ਹੁੰਦੀ ਹੈ। ਇਤਿਹਾਸਿਕ ਤਾਰੀਖਾਂ ਅਤੇ ਕੁਝ ਹੋਰ ਵੇਰਵੇ ਜੋ ਉਹਨਾਂ ਦਰਜ ਕੀਤੇ ਹਨ ਬੇਸ਼ੱਕ ਕਿਤੇ-ਕਿਤੇ ਠੀਕ ਨਹੀਂ ਹਨ, ਪਰ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਅਤੇ ਉਹਨਾਂ ਦੇ ਜੀਵਨ ਦਰਸ਼ਨ ਦਾ ਜੋ ਸਾਰ ਇਸ ਰਚਨਾ ਵਿੱਚ ਮਿਲਦਾ ਹੈ, ਉਹ ਉਹਨਾਂ ਨੇ ਸਮਕਾਲੀ ਸਰੋਤਾਂ ਤੋਂ ਪ੍ਰਾਪਤ ਕਰਕੇ ਹਕੀਕਤ

ਹੀ ਬਿਆਨ ਕੀਤੀ ਹੈ, ਜਿਸ ਨਾਲ ਪੰਥ ਪ੍ਰਕਾਸ਼ ਦੀ ਇਤਿਹਾਸਕਿਤਾ ਵਿੱਚ ਮਹੱਤਵਪੂਰਨ ਵਾਧਾ ਹੁੰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ 1837 ਈ. ਵਿੱਚ 21 ਸਾਲ ਦੀ ਆਰਜਾ ਵਿੱਚ ਕੰਵਰ ਨੌਨਿਹਾਲ ਸਿੰਘ ਰੈਜੀਮੈਂਟ ਵਿੱਚ ਜਾਕੇ ਸੈਨਿਕ ਸੇਵਾ ਗ੍ਰਹਿਣ ਕੀਤੀ ਅਤੇ 1846 ਈ. ਵਿੱਚ ਸਭਰਾਉਂ ਦੀ ਜੰਗ ਵਾਲੇ ਸਮੇਂ ਆਪ ਵਾਪਸ ਭੈਣੀ ਸਾਹਿਬ ਆ ਗਏ ਸਨ। ਇਸ ਸਮੇਂ ਖੇਤੀਬਾੜੀ, ਫ਼ੀਰੋਜ਼ਪੁਰ ਵਿੱਚ ਰਾਜਗਿਰੀ ਤੇ ਫਿਰ ਪਿੰਡ ਆ ਕੇ ਲੋਹੇ ਕੱਪੜੇ ਦੀ ਦੁਕਾਨ ਵੀ ਪਾਈ। 12 ਅਪ੍ਰੈਲ 1857 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਨਾਮ ਦੀ ਦਾਤ ਦੇ ਕੇ ਸੰਬਤ 1914 ਬਿਕਰਮੀ ਵਿੱਚ ਨਮਾਧਾਰੀ ਸੰਤ ਖਾਲਸੇ ਦੀ ਸਥਾਪਨਾ ਕੀਤੀ। ਸਤਿਗੁਰੂ ਜੀ ਉਸ ਸਿੱਖੀ ਦਾ ਹੀ ਪ੍ਰਚਾਰ ਕਰ ਰਹੇ ਸਨ, ਜਿਹੜੀ ਦਸ਼ਮੇਸ਼ ਜੀ ਦੀ ਸਿੱਖੀ ਤੋਂ ਕੋਈ ਪੌਣੀ ਸਦੀ ਰਾਜ ਭਾਗ ਭੋਗਣ ਕਾਰਨ, ਖਾਲਸਾ ਦੂਰ ਚਲਾ ਗਿਆ ਸੀ। ਆਪ ਜੀ ਨੇ ਪਹਿਲਾਂ ਨਾਮ ਜਪਣ ਲਈ ਉਗਰ ਤਪ ਵੀ ਕੀਤਾ। ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਸਿੱਖੀ ਦਾ ਮੁੱਢਲਾ ਅਸੂਲ ਹੈ।

ਆ ਕੇ ਸਤਿਗੁਰਾਂ ਨੇ ਭੈਣੀ ਸਾਹਿਬ ਅਮਦਰ,
ਕੀਤਾ ਨਾਮ ਦੇ ਨਾਲ ਪਿਆਰ ਸੰਤੋ।
ਜਾ ਕੇ ਬਾਹਰ ਪ੍ਰਜੰਤ ਇਕੰਤ ਬਹਿੰਦੇ,
ਲਾ ਕੇ ਖੂਬ ਸਮਾਧ ਦੀ ਤਾਰ ਸੰਤੋ।
ਇਹੋ ਨਿਜਮ ਹੈ ਸੀ ਪੂਰੇ ਸਤਿਗੁਰਾਂ ਦਾ,
ਸੁਬਾ ਸ਼ਾਮ ਦਾ ਰੋਜ਼ ਬਿਹਾਰ ਸੰਤੋ।
ਕਾਰਵਾਰ ਦਿੱਤੇ ਡਾਰ ਜਗਤ ਵਾਲੇ,
ਸੁਭਾਚਾਰ ਦਾ ਕਰਨ ਬਿਹਾਰ ਸੰਤੋ।
ਕਰਨ ਕ੍ਰਿਤ ਅਕੰਤ ਮੈਂ ਬ੍ਰਿਤ ਰਖਦੇ,
ਸੋਈ ਛਕਣ ਜੋ ਵਿੱਚ ਪਰਵਾਰ ਸੰਤੋ।
ਏਸੇ ਤੌਰ ਅੰਦਰ ਸੋਲਾਂ ਸਾਲ ਗੁਜ਼ਾਰੇ,
ਕਰਨ ਬੰਦਗੀ ਜੋ ਨਿਰਾਧਾਰ ਸੰਤੋ।
ਸੰਮਤ ਉਨੀ ਸੌ ਚੌਦਵੇਂ ਸਾਲ ਅੰਦਰ,
ਫੁਰੇ ਨੇਤ ਕੜੀ ਕਰਨਹਾਰ ਸੰਤੋ।
ਉਮਰ ਸਤਿਗੁਰੂ ਜੋ ਰਾਮ ਸਿੰਘ ਜੀ ਦੀ,
ਸਾਲ ਕਹਿਣ ਬਤਾਲੀ ਉਚਾਰ ਸੰਤੋ।
ਹੋਈ ਬਾਣੀ ਅਕਾਸ ਤੇ ਖਾਸ ਗੁਰ ਨੂੰ,
ਦੇ ਕੇ ਜੀਵਾਂ ਨੂੰ ਨਾਮ ਤੂੰ ਤਾਰ ਸੰਤੋ।
ਦਸਮ ਗੁਰੂ ਦੇ ਪੰਥ ਦੀ ਰਸਮ ਤਾਈਂ,
ਦੇਵੋਂ ਤੁਸੀਂ ਬਧਾਇ ਪਸਾਰ ਸੰਤੋ।
ਬਾਧਾ ਕਰੋ ਜੇ ਖਸਮ ਦੇ ਖਾਲਸੇ ਦਾ,
ਏਹੋ ਹੁਕਮ ਹੋਵੇ ਵਾਰੋ ਵਾਰ ਸੰਤੋ।
ਪਾ ਕੇ ਹੁਕਮ ਅਕਾਲ ਦਾ ਸਤਿਗੁਰੂ ਜੀ,
ਲੱਗੇ ਦੇਣ ਉਪਦੇਸ਼ ਵਿਚਾਰ ਸੰਤੋ।
ਨਾਮ ਵਾਹਿਗੁਰੂ ਦੱਸਕੇ ਜੀਵ ਤਾਂਈ,
ਦਿੰਦੇ ਸਾਗਰੋਂ ਪਾਰ ਉਤਾਰ ਸੰਤੋ।
ਨਰਕੀ ਜੀਵ ਬੈਕੁੰਠ ਦੇ ਵਿੱਚ ਬਾੜੇ,
ਕੀਤੇ ਬੰਧਨਾ ਦੇ ਛੁਟਕਾਰ ਸੰਤੋ।
ਭਜਨ ਸੁਣਦਿਆਂ ਸਾਰ ਹੋ ਜੁੱਟ ਜਾਵਣ,
ਬ੍ਰਿਤੀ ਲਗਦੀ ਵਿੱਚ ਕਰਤਾਰ ਸੰਤੋ।
ਸੰਗਤ ਆਂਵਦੀ ਜਾਂਵਦੀ ਦਿਨੇ ਰਾਤੀਂ,
ਆਵੇ ਕੁਝ ਨਾਂ ਅੰਤ ਸ਼ੁਮਾਰ ਸੰਤੋ।
ਰਹੇ ਭੀੜ ਹਜ਼ੂਰ ਹਮੇਸ਼ ਭਾਰੀ,
ਲੰਗਰ ਚੱਲਦਾ ਅਪਰ ਅਪਾਰ ਸੰਤੋ।
ਖੋਹਲੀ ਲੋਹੇ ਦੀ ਦੁਕਾਨ ਤੇ ਕੱਪੜੇ ਦੀ,
ਕਰਦੇ ਸਤਿਗੁਰੂ ਬਣਜ ਬਪਾਰ ਸੰਤੋ।
ਨਫਾ ਓਸਦਾ ਪੈਨਦੇ ਖਾਂਵਦੇ ਸੇ,
ਛਕੇ ਫੇਰ ਸਾਰਾ ਪਰਵਾਰ ਸੰਤੋ।
ਪੂਜਾ ਪੌਣ ਜਿੰਨੀ ਲੰਗਰ ਸੰਗਤਾਂ ਦੀ
ਕਰਦੇ ਆਪ ਨਾ ਜੇ ਅੰਗੀਕਾਰ ਸੰਤੋ।
ਕਾਲਾ ਸਿੰਘ ਏਹੋ ਦੋਹਾਂ ਭਾਈਆਂ ਦਾ,
ਹੈਸੀ ਨਿਜਮ ਪੂਰਾ ਨਿਰਾਧਾਰ ਸੰਤੋ।[4]

ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿੱਚ ਸੁਬਹਾ, ਸ਼ਾਮ ਦੀਵਾਨ ਸਜਦੇ, ਰਾਗੀ ਰਾਗ ਕਰਦੇ ਅਤੇ ਢਾਡੀ ਪਿਛਲੇ ਪਹਿਰ ਯੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਢੋਲਕੀ ਛੈਣਿਆਂ ਨਾਲ ਹੱਲੇ ਦਾ ਦੀਵਾਨ ਲਗਦਾ ਸੀ। ਸਿੰਘ ਪ੍ਰੇਮ ਨਾਲ ਸ਼ਬਦ ਪੜ੍ਹਦੇ। ਸਾਧ ਸੰਗਤ ਤਨ, ਮਨ, ਧਨ ਨਾਲ ਗੁਰੂ ਦਰਬਾਰ ਵਿੱਚ ਸੇਵਾ ਕਰਦੀ। ਕੋਈ ਅੱਠਾਂ ਪਹਿਰਾਂ ਵਿੱਚ ਜਦੋਂ ਵੀ ਆਵੇ ਗੁਰੂ ਕਾ ਲੰਗਰ ਤਿਆਰ ਮਿਲਦਾ-ਸਦਾ ਬਰਤ ਚੱਲ ਰਿਹਾ ਸੀ। ਰੋਜ ਸੈਂਕੜੇ ਸਿੰਘ ਸਤਿਗੁਰੂ ਜੀ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਨਾਮਧਾਰੀ ਸਜਦੇ। ਕੜਾ, ਕਛਹਿਰਾ, ਕਿਰਪਾਨ, ਕੰਘਾਂ ਅਤੇ ਸਣੇਕੇਸੀ ਇਸ਼ਨਾਨ ਇਹ ਰਹਿਤ ਮਰਿਆਦਾ ਦੱਸਦੇ। ਭਾਈ ਕਾਲਾ ਸਿੰਘ ਲਿਖਦੇ ਹਨ ਕਿ ਆਪ ਜੀ ਦਾ ਸ਼ੁੱਧ ਆਤਮਾ ਨਾਲ ਦਰਸ਼ਨ ਕਰਨ ਵਾਲਾ, ਜਨਮ ਮਰਨ ਦੇ ਚੱਕਰ ਤੋਂ ਬਾਹਰ ਹੋ ਜਾਂਦਾ ਸੀ। ਭਾਵ ਉਸਦੇ ਹਰ ਤਰ੍ਹਾਂ ਦੇ ਬੰਧਨ ਕੱਟੇ ਜਾਂਦੇ ਸਨ ਅਤੇ ਉਹ ਮੁਕਤ ਅਵਸਥਾ ਨੂੰ ਪਹੁੰਚ ਜਾਂਦਾ ਸੀ। ਹੁਣ ਸਤਿਗੁਰੂ ਜੀ ਲੋਕਾਂ ਨੂੰ

ਕਰਮ ਕਾਂਡਾਂ ਵਿਚੋਂ ਕੱਢਣ ਲਈ ਆਸਥਾ ਦੇ ਪੁਰਾਣੇ ਕੇਂਦਰਾਂ ਨਾਲੋਂ ਉਹਨਾਂ ਦਾ ਨਾਤਾ ਤੋੜ ਰਹੇ ਹਨ। ਜਿਹਨਾਂ ਦਿਨਾਂ ਵਿੱਚ ਪੰਜਾਬ ਸਰਕਾਰ ਨੇ ਸਤਿਗੁਰੂ ਜੀ ਨੂੰ ਜੁਲਾਈ 1863 ਈ. ਤੋਂ ਦਸੰਬਰ 1866 ਤੱਕ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਰੱਖਿਆ ਸੀ, ਉਸ ਸਮੇਂ ਕੂਕਿਆਂ ਨੇ ਰੋਸ ਪ੍ਰਗਟਾਵੇ ਵਜੋਂ ਵੀ ਮੜ੍ਹੀਆਂ ਗੋਰਾਂ ਢਾਹੁਣ ਦੀ ਸਮੁੱਚੇ ਪੰਜਾਬ ਵਿੱਚ ਵਿਆਪਕ ਮੁਹਿੰਮ ਚਲਾਈ, ਜਿਸ ਵਿੱਚ ਬਹੁਤ ਸਾਰੇ ਕੂਕਿਆਂ ਨੂੰ ਕੈਦ, ਜੁਰਮਾਨੇ ਆਦਿ ਸਜ਼ਾਵਾਂ ਦੀ ਸ਼ਾਹਦੀ ਸਰਕਾਰੀ ਰੀਕਰਾਡ ਵਿਚੋਂ ਵੀ ਮਿਲਦੀ ਹੈ।

"ਬੈਠ ਵਿੱਚ ਦੀਵਾਨ ਦੇ ਹੁਕਮ ਦਿੰਦੇ,
ਸਾਰੇ ਖਾਲਸੇ ਤਾਂਈ ਸੁਣਾਵੰਦੇ ਨੇ।
ਮੜੀ ਗੋਰ ਤੇ ਮਕਬਰੇ ਪੀਰ ਖਾਨੇ,
ਹੁਕਮ ਦੇ ਕੇ ਆਪ ਢਹਾਵੰਦੇ ਨੇ।
ਸ਼ਿਵ ਲਿੰਗ ਸਮਾਧ ਤੇ ਖਾਨਗਾ ਜੋ,
ਥਾਨ ਦੇਵੀ ਦੇ ਸਫਾ ਕਰਾਵੰਦੇ ਨੇ।
ਭੈਰੋਂ ਭੂਤ ਮਸਾਣੀ ਦੇ ਥਾਨ ਜਿੰਨੇ,
ਮਾੜੀ ਗੁੱਗੇ ਦੀ ਅਲਖ ਚੁਕਾਵੰਦੇ ਨੇ।
ਦੁਵਤਾ ਪੜ੍ਹੋ ਨਾ ਹਰੀ ਬਿਨ ਹੋਰ ਪੂਜੋ,
ਗੁਰੂ ਵਿੱਚ ਗਰੰਥ ਆਲਵੰਦੇ ਨੇ।
ਦਸਾਂ ਗੁਰਾਂ ਦੇ ਹੁਕਮ ਨੂੰ ਕਰਨ ਸਫਲਾ,
ਮੱਟ ਮੜ੍ਹੇ ਮਸਾਣ ਢਹਾਵੰਦੇ ਨੇ।
ਸਕਤੀ ਆਪਣੀ ਨਾਮ ਦੇ ਨਾਲ ਭਰਕੇ,
ਗੀਦ ਜੀਵ ਨੂੰ ਸ਼ੇਰ ਬਣਾਵੰਦੇ ਨੇ।
ਪਹਿਲੇ ਢਹੌਣ ਤੇ ਅੱਗੋਂ ਅਰਦਾਸ ਕਰਨੀ,
ਸੰਤ ਖਾਲਸੇ ਤਾਂਈ ਅਲਾਵੰਦੇ ਨੇ।
ਭੁੱਲੇ ਰੱਬ ਵਲੋਂ ਅੰਨ੍ਹੇ ਲੋਕ ਸਾਰੇ,
ਹਿੰਦੂ ਤੁਰਕ ਜੇੜੇ ਨਜ਼ਰ ਆਂਵਦੇ ਨੇ।
ਸਾਨੂੰ ਹੁਕਮ ਅਕਾਲ ਦੇ ਵਲੋਂ ਆਇਆ,
ਤਾਹੀ ਗੁਰੂ ਜੀ ਆਖ ਸੁਣਾਵੰਦੇ ਨੇ।
ਫਲ ਮਿਲੂਗਾ ਭੋਗ ਦਾ ਰੱਬ ਪਾਸੋਂ,
ਮੜ੍ਹੀ ਇਕ ਜੋ ਢਾਹ ਢਹਾਂਵੰਦੇ ਨੇ।
ਇਕ ਦੇ ਤੇ ਤਿੰਨ ਜਾਂ ਚਾਰ ਤਾਈਂ,
ਪੰਜਾਂ ਪਾਠਾਂ ਦਾ ਫਲ ਬਤਾਂਵੰਦੇ ਨੇ।
ਜੀਹਦੀ ਮੰਨਤਾ ਬਹੁਤ ਸੰਸਾਰ ਕਰਦਾ,
ਓਹਦਾ ਪੰਜ ਅਖੰਡ ਫਰਮਾਂਵੰਦੇ ਨੇ।
ਹੁਕਮ ਪਾਏ ਮੜ੍ਹੀਆਂ ਸਿੰਘਾਂ ਸਾਫ ਕਰੀਆਂ,
ਹਨੇਰ ਜਗਤ ਦਾ ਦੂਰ ਹਟਾਂਵੰਦੇ ਨੇ।
ਕਾਲਾ ਸਿੰਘ ਅਜਮੈਸ਼ ਮੈਂ ਆਪ ਕੀਤੀ,
ਗਾਹ ਵਾਂਗ ਪੱਕੇ ਗਿਰ ਜਾਵੰਦੇ ਨੇ।[6]

ਬ੍ਰਹਾਮਣ ਭਾਈਚਾਰੇ ਨੇ ਹਰ ਕੰਮ ਕਾਰ ਕਰਨ ਦੇ ਸ਼ਗਨ, ਲਗਨ, ਮਹੂਰਤ ਆਦਿ ਨਿਰਧਾਰਿਤ ਕੀਤੇ ਹੋਏ ਸਨ। ਕਿਸਾਨਾਂ ਨੇ ਬਿਜਾਈ ਬਾਰੇ ਪੁੱਛਣਾਂ ਤਾਂ ਉਹਨਾਂ ਕਹਿਣਾ ਅਜੇ ਨਹੀਂ ਅਜੇ ਧਰਤੀ ਸੂਤਕੀ ਹੈ ਜਾਂ ਅਜੇ ਸੁੱਤੀ ਹੈ। ਬਿਜਾਈ ਦਾ ਮਹੂਰਤ ਨਹੀਂ ਆਇਆ। ਫਿਰ ਤੁਰਦਿਆਂ ਫਲਾਣਾ ਮੱਥੇ ਲੱਗਾ ਚੰਗਾ, ਦੂਸਰਾ ਮੱਥੇ ਲੱਗਾ ਮਾੜਾ। ਕਵੀ ਕਾਲਾ ਸਿੰਘ ਲਿਖਦੇ ਹਨ ਕਿ ਸਤਿਗੁਰੂ ਜੀ ਨੇ ਇਹਨਾਂ ਸਭ ਵਹਿਮਾਂ ਭਰਮਾਂ ਦਾ ਸਖ਼ਤੀ ਨਾਲ ਖੰਡਨ ਕਰਕੇ ਉਸ ਸਮੇਂ ਅੱਗੇ ਵਧੂ ਸੋਚ ਦਾ ਸਬੂਤ ਦਿੱਤਾ ਸੀ।

ਲਗਨ ਸਗਨ ਤੇ ਫੰਦ ਪਾਖੰਡ ਸਾਰਾ,
ਭੁੱਲ ਏਸਦਾ ਨਹੀਂ ਵਿਚਾਰ ਕਰਨਾ।
ਸਾੜ ਸਤੀ ਤੇ ਢਈਆ ਨਾ ਪਾਸ ਆਵੇ,
ਰਾਹੂ ਕੇਤ ਨੂੰ ਪਰੇ ਧਿਰਕਾਰ ਕਰਨਾ।
ਮੰਗਲ ਬੁੱਧ ਸੂਰਜ ਬੀਰ ਚੰਦ ਤਾਰੇ,
ਥੋਨੂੰ ਕਹਿਣ ਨਾ ਕੁਝ ਅਤਬਾਰ ਕਰਨਾ।
ਸੂਤਕ ਪਾਤਕ ਤੇ ਜੋਗਨੀ ਭੱਦਰਾਂ ਜੋ,
ਜਿਮੀਂ ਸਮੇਂ ਨਾਂ ਸਰਬ ਵਿਹਾਰ ਕਰਨਾ।
ਵਰਤ ਪੁੰਨਿਆ ਕਾਦਸੀ ਰੱਖਣਾ ਨਾ,
ਇਕ ਵਾਹਿਗੁਰੂ ਨਾਮ ਉਚਾਰ ਕਰਨਾ।
ਨਹੀਂ ਚੂਰਮਾ ਰੋਟ ਨਿਆਜ ਖਾਣੀ,
ਬਿਨਾਂ ਸਿੰਘ ਤੇ ਨਹੀਂ ਜੇਹਾਰ ਕਰਨਾ।
ਸਾਲ ਗ੍ਰਾਮ ਤੁਲਸੀ ਮਾਲਾ ਦੂਰ ਕਰਕੇ,
ਸਾਸ ਹੈ ਯਾਦ ਕਰਤਾਰ ਕਰਨਾ।
ਕਾਲਾ ਸਿੰਘ ਏਹੋ ਹੁਕਮ ਸਤਿਗੁਰਾਂ ਦਾ,
ਭਜਨ ਦੱਸਕੇ ਪਾਰ ਸੰਸਾਰ ਕਰਨਾ।[6]

ਸਿਰਦਾਰ ਕਪੂਰ ਸਿੰਘ ਹੋਰਾਂ ਨੇ 'ਸਪਤ ਸ੍ਰਿੰਗ' ਵਾਰਤਕ ਰਚਨਾ ਵਿੱਚ ਪਹਿਲਾ ਲੇਖ "ਬਾਬਾ ਰਾਮ ਸਿੰਘ ਕੂਕਾ" ਲਿਖਿਆ ਹੈ, ਇਸ ਵਿੱਚ ਉਹ ਲਿਖਦੇ ਹਨ- "ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਿੱਚ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਐਸਾ ਨਹੀਂ ਹੋਇਆ ਜਿਸਨੇ ਆਪਣਾ ਮਨੋਰਥ ਜੀਵਨ ਦਾ ਨਿਸ਼ਾਨਾ ਇੰਨਾਂ ਉੱਚਾ ਤੇ ਹਮਾਗੀਰ ਰੱਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਿਕ ਤੌਰ ਤੇ, ਸਮਾਜਿਕ ਤੌਰ ਤੇ, ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜਕੇ, ਉਸ ਨੂੰ ਉੱਨਤੀ

ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਰਸ਼ ਵਿੱਚ ਬਾਬਾ ਰਾਮ ਸਿੰਘ ਹੋਇਆ ਹੈ, ਇਸ ਲਈ ਸ਼ਰਧਾਲੂਆਂ ਦੇ ਮਨ ਉੱਤੇ ਬਾਬਾ ਰਾਮ ਸਿੰਘ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇਕ ਕੁਦਰਤੀ ਜੇਹੀ ਗੱਲ ਸੀ।[7]

ਸਤਿਗੁਰੂ ਜੀ ਦੇ ਸਮਾਜਿਕ ਕਾਰਜ ਕਰਮਾਂ ਵਿੱਚ ਇਸਤਰੀ ਜਾਤੀ ਤੇ ਕੀਤੇ ਗਏ ਆਪ ਜੀ ਦੇ ਬਹੁਤ ਉਪਕਾਰ ਸ਼ਾਮਲ ਹਨ। "ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਣ, ਨਾਮ ਜਪਣ, ਭਜਨ ਬੰਦਗੀ ਕਰਨ, ਮਰਦਾਂ ਦੇ ਨਾਲ ਹੀ ਦੀਵਾਨ ਵਿੱਚ ਬੈਠ ਕੇ ਸ਼ਬਦ ਬਾਣੀ ਪੜ੍ਹਣ ਸੁਣਨ ਦੇ ਅਧਿਕਾਰਾਂ ਦੀ ਲੋਪ ਹੋਈ ਸਿੱਖ ਰੀਤੀ ਨੂੰ ਸੁਰਜੀਤ ਕੀਤਾ। ਘੁੰਡ ਜਾਂ ਪਰਦੇ ਦੇ ਬੁਰੇ ਰਵਾਜ ਨੂੰ ਤਿਆਗਣ, ਘਰ ਦਾ ਸਾਰਾ ਕੰਮ ਹੱਥੀ ਕਰਨ, ਪਤੀ ਦੀ ਆਗਿਆ ਵਿੱਚ ਰਹਿਣਾ, ਉਸ ਦੀ ਸੇਵਾ ਕਰਨ, ਘਰ ਆਏ ਅਤਿਥੀ ਅਤੇ ਸਿੱਖ ਨੂੰ ਯਥਾਸ਼ਕਤਿ ਭੋਜਨ, ਬਸਤਰ ਦੇਵਨ ਆਦਿ ਸ਼ੁਭ ਗੁਣਾਂ ਦੀ ਪਾਲਨਾ ਕਰਨ ਦਾ ਹੁਕਮ ਦਿੱਤਾ। ਜੰਮਦੀਆਂ ਹੀ ਕੁੜੀਆਂ ਮਾਰਨ, ਉਹਨਾਂ ਦਾ ਮੁੱਲ ਲੈਕੇ ਬੁੱਢੇ ਰੋਗੀ, ਦਰਿੱਦਰੀ, ਬਦਮਾਸ਼ ਕੁਰਹਿਤੀਏ, ਕੁਕਰਮੀ, ਅਸਿੱਖ ਨਾਲ ਵਿਆਹ ਕਰਨ, ਵੱਟੇ ਜਾਂ ਵਟਾਂਦਰੇ ਦੇ, ਆਹਮੋ ਸਾਹਮਣੇ ਸਾਕ ਲੈਣ ਦੇਣ ਦੀ ਉੱਕੀ ਹੀ ਮਨਾਹੀ ਕੀਤੀ। ਵਿਆਹ ਸਮੇਂ ਦੀਆਂ ਖਾਨਦਾਨਾਂ ਅਤੇ ਬੰਦਿਆਂ ਨੂੰ ਤਬਾਹ ਕਰ ਦੇਣ ਵਾਲੀਆਂ ਬੁਰਾਈਆਂ, ਚੜ੍ਹਾਵਾ, ਦਾਜ, ਬਾਜੇ, ਅਸਤਬਾਜੀਆਂ, ਤਾਇਫਾਂ, ਗਵਈਏ, ਮਰਾਸੀ, ਨਕਲੀਏ, ਭੰਡ ਰੋਕ ਦੇਣ ਦਾ ਹੁਕਮ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿੱਚ ਬੇਦੀ ਗੱਡ ਕੇ ਅਤੇ ਹਵਨ ਕਰਕੇ, ਸਿੱਧੇ ਸਾਦੇ ਤਰੀਕੇ ਨਾਲ ਅਨੰਦ ਕਾਰਜ ਕਰਨ ਦੀ ਰੀਤ ਚਲਾਈ। ਮੌਤ ਪਿੱਛੋਂ ਬੁੱਢੇ ਬੁੱਢੜੀਆਂ ਦੇ ਨੱਕ ਉੱਚੇ ਕਰਨ, ਪਟੜੀ ਫੇਰ ਗਦੌੜੇ ਫੇਰਨ, ਪਿੰਡ ਨੂੰ ਪੱਕੀ ਰੋਟੀ ਖੁਲਾਉਣ ਜਾਂ ਕੱਚੀ ਰਸਦ ਦੇਣ ਦੀਆਂ ਭੈੜੀਆਂ ਰਸਮਾਂ ਨੂੰ ਉੱਕਾ ਹੀ ਰੋਕਣ ਲਈ ਪ੍ਰਚਾਰ ਕੀਤਾ। ਵਿੱਛੜੇ ਸੱਜਣਾਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪਾਠਾਂ ਦੇ ਭੋਗ ਪਾ ਕੇ, ਉਨ੍ਹਾਂ ਦੀ ਆਤਮਾ ਲਈ ਅਰਦਾਸ ਕਰਨ ਦੀ ਰਹੁਰੀਤ ਚਲਾਈ। ਲੜਕੀ ਦੇ ਵਿਆਹ ਕਰਨ ਦੀ ਉਮਰ ਘੱਟੋ-ਘੱਟ 16 ਸਾਲ (ਬਾਅਦ ਵਿੱਚ ਇਕ ਹੁਕਮਨਾਮੇ ਵਿੱਚ 18 ਸਾਲ) ਮੁਕੱਰਰ ਕੀਤੀ। ਲੜਕੀਆਂ ਨੂੰ ਵਿੱਦਿਆ ਪੜ੍ਹਾਵਣ ਤੇ ਜ਼ੋਰ ਦਿੱਤਾ। ਵਿਧਵਾ ਇਸਤਰੀਆਂ ਦੇ ਦੁਵਾਰਾ ਵਿਆਹ ਕਰਨ ਦਾ ਰਵਾਜ ਜਾਰੀ ਕੀਤਾ।[8]

ਮਾਈਆਂ ਬੀਬੀਆਂ ਪ੍ਰਥਾਇ ਸਤਿਗੁਰੂ ਜੀ ਦੀ ਸਿੱਖਿਆ ਵਿੱਚ ਨੱਕ ਕੰਨ੍ਹ ਵਿੰਨ੍ਹਣ ਆਦਿਕ, ਮਰਦ ਦੀ ਗੁਲਾਮੀ ਦੇ ਚਿੰਨ੍ਹਾਂ ਨੂੰ ਤਿਲਾਂਜਲੀ ਦੇਣਾ ਸ਼ਾਮਲ ਸੀ। ਔਰਤਾਂ ਪ੍ਰਤੀ ਇਸ ਧਾਰਨਾ ਨੂੰ ਵੀ ਬਦਲਿਆ ਗਿਆ ਕਿ ਉਹ ਸਿਰਫ ਆਪਣਾ ਸਮਾਂ ਮਰਦ ਦੀ ਖੁਸ਼ਨੂਦੀ ਹਾਸਲ ਕਰਨ ਲਈ ਬਣਨ ਫੱਬਣ ਵਿੱਚ ਹੀ ਨਾਂ ਬਿਤਾਉਣ ਸਗੋਂ ਉਸ ਦੇ ਬਰਾਬਰ ਦੀ ਭਾਈਵਾਲ ਬਣਕੇ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਖੇਤਰ ਵਿੱਚ ਆਪਣੀ ਬਣਦੀ ਜ਼ਿੰਮੇਵਾਰੀ ਨਿਬਾਹੁਣ। ਸੰਤ ਕਾਲਾ ਸਿੰਘ ਹੋਰਾਂ ਨੇ ਸਤਿਗੁਰੂ ਜੀ ਦੀ ਔਰਤਾਂ ਪ੍ਰਥਾਇ ਇਸ ਸਿੱਖਿਆ ਨੂੰ ਬੜੇ ਸਟੀਕ ਸ਼ਬਦਾਂ ਵਿੱਚ ਚਿਤਰਿਆ ਹੈ।

ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ,
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸਣਕੇਸ ਕਰਨਾ,
ਖੋਲ੍ਹ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਖੰਮਣੀ ਸਿੱਟ ਪਰਾਂਦਿਆਂ ਨੂੰ,
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਜੋ,
ਤੀਲੀ ਲੌਂਗ ਨੂੰ ਦਈਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥੀਂ ਨਾ ਭੁੱਲ ਪਾਈਂ,
ਸੋਧ ਨਾਲ ਹੈ ਇਨ੍ਹਾਂ ਦੀ ਖਾਰ ਬੀਬੀ।
ਸੋਨਾ ਕੂੜ ਰੁੱਪਾ ਗੁਰਾਂ ਹੁਕਮ ਦਿੱਤਾ,
ਕੂੜ ਸਮਝ ਲੈਣਾਂ ਪੈਨਣ ਹਾਰ ਬੀਬੀ।
ਬਰਦੀ ਸੇਤ ਸੁੱਥਣ ਕੁੜਤੀ ਪਹਿਰ ਲੈਣੀ,
ਨੀਲਾ ਰੰਗ ਦੇਣਾ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ ਹਰਾ ਹੋਰ ਜਿੰਨਾ,
ਦੇਵੀਂ ਸਰਬ ਨੂੰ ਦੂਰ ਵਿਸਾਰ ਬੀਬੀ।
ਦੇਸੀ ਕਾਟ ਸਿੱਧੀ ਸਾਦੀ ਪਹਿਰ ਬਸਤਰ,
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।
ਰੋਣਾਂ ਪਿੱਟਣਾਂ ਸਿਆਪਾ ਨਾ ਕਰੀਂ ਜਾ ਕੇ,
ਚੜ੍ਹੇ ਸਾਕ ਸਰਬੰਧ ਵਿਚਾਰ ਬੀਬੀ।
ਜੇ ਕੁਝ ਸਰੇ ਨਮਿੱਤ ਦਾ ਦਾਨ ਕਰਨਾ,
ਸੇਵਾ ਪੰਥ ਕਰਨੀ ਨਿਰਾਧਾਰ ਬੀਬੀ।
ਏਹੋ ਹੁਕਮ ਦਿੱਤਾ ਗੁਰਾਂ ਪੂਰਿਆਂ ਨੇ,
ਹੁਕਮ ਨਾਂਵਿਆਂ ਵਿੱਚ ਉਚਾਰ ਬੀਬੀ।
ਕਾਲਾ ਸਿੰਘ ਮੈਂ ਦੇਖਿਆ ਹੁਕਮਨਾਮਾ,
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ।[9]

ਇਸਤਰੀਆਂ ਪ੍ਰਤੀ ਸਤਿਗੁਰੂ ਜੀ ਦੇ ਉਪਕਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਸ. ਕਪੂਰ ਸਿੰਘ ਹੋਰਾਂ ਦੀ ਇਸ ਟਿੱਪਣੀ ਨਾਲ ਹਰ ਨਿਰਪੱਖ ਇਤਿਹਾਸਕਾਰ ਨੂੰ ਇਕਜੁਟਤਾ ਪ੍ਰਗਟ ਕਰਨੀ ਹੀ ਪੈਂਦੀ ਹੈ। "ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿੱਛੋਂ, ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿੱਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ, ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿੱਚ ਖੜ੍ਹਾ ਕਰ ਦੇਂਦਾ ਹੈ।"[10]

ਨਾਮਧਾਰੀ ਮੱਤ ਦਾ ਪੰਜਾਬ ਭਰ ਵਿੱਚ ਤੇਜੀ ਨਾਲ ਫੈਲਣਾ ਅੰਗਰੇਜ਼ ਸਰਕਾਰ ਵਾਸਤੇ ਚਿੰਤਾ ਦਾ ਵਿਸ਼ਾ ਬਣ ਗਿਆ। ਇਸ ਸਮੇਂ ਅੰਮ੍ਰਿਤਸਰ ਆਦਿਕ ਗੁਰਧਾਮਾਂ ਦਾ ਪ੍ਰਬੰਧ ਚਲਾਉਣ ਲਈ ਅਕਾਲ ਤਖਤ ਦਾ ਸਰਬਰਾਹ, ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਹੀ ਨਿਯੁਕਤ ਕਰਦਾ ਸੀ। ਉਸ ਦੀ ਇੱਛਾ ਅਨੁਸਾਰ ਹੀ ਗੁਰਦੁਆਰਿਆਂ ਵਿੱਚ ਪੁਜਾਰੀ, ਗ੍ਰੰਥੀ ਅਤੇ ਕੀਰਤਨੀਆਂ ਦੀਆਂ ਨਿਯੁਕਤੀਆਂ ਹੁੰਦੀਆਂ ਸਨ। ਇਸ ਲਈ ਆਪਣੇ ਆਕਿਆਂ ਨੂੰ ਖੁਸ਼ ਕਰਨ ਲਈ 1862 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਤੇ ਜਦੋਂ ਸੰਗਤਾਂ ਸਮੇਤ ਦਰਬਾਰ ਸਾਹਿਬ ਆ ਕੇ ਮੱਥਾ ਟੇਕਿਆ ਸੀ ਤਾਂ ਪੁਜਾਰੀਆਂ ਨੇ ਨਿਗੂਣੀਆਂ ਢੁੱਚਰਾਂ ਡਾਹ ਕੇ ਆਪ ਦੀ ਅਰਦਾਸ ਨਹੀਂ ਕੀਤੀ ਸੀ। ਬਾਅਦ ਵਿੱਚ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਅਨੰਦਪੁਰ ਸਾਹਿਬ, ਦਮਦਮਾ ਸਾਹਿਬ, ਮੁਕਤਸਰ ਸਾਹਿਬ ਆਦਿਕ ਗੁਰਧਾਮਾਂ ਅਤੇ ਹੋਰ ਤਖਤਾਂ ਨੂੰ ਵੀ ਲਿਖ ਭੇਜਿਆ ਕਿ ਕੂਕਿਆਂ ਨੂੰ ਗੁਰੂਦੁਆਰਿਆਂ ਵਿੱਚ ਮੱਥਾ ਨਾ ਟੇਕਣ ਦਿੱਤਾ ਜਾਵੇ ਅਤੇ ਉਹਨਾਂ ਦੀ ਅਰਦਾਸ ਨਾਂ ਕੀਤੀ ਜਾਏ। ਇਸ ਸਮੇਂ ਅੰਮ੍ਰਿਤਸਰ ਦੇ ਪੁਜਾਰੀ ਕੂਕਿਆਂ ਤੇ ਜੋ ਦੋਸ਼ ਲਾ ਰਹੇ ਹਨ, ਉਹਨਾਂ ਦਾ ਵਿਸਥਾਰ ਸਹਿਤ ਵਰਣਨ ਪੰਥ ਪ੍ਰਕਾਸ਼ ਵਿੱਚ ਮਿਲਦਾ ਹੈ ਕਿ ਕਿਸ ਤਰ੍ਹਾਂ ਮੁਕਤਸਰ ਦੇ ਪੁਜਾਰੀ ਵੀ ਅੰਮ੍ਰਿਤਸਰ ਵਾਲਿਆਂ ਪੁਜਾਰੀਆਂ ਦੀ ਬੋਲੀ ਬੋਲਦੇ ਹਨ।

ਆਖਣ ਆਈ ਚਿੱਠੀ ਸਾਨੂੰ ਅਮਰਸਰ ਦੀ,
ਅਸੀਂ ਓਸਦੇ ਹਾਂ ਤਾਬੇਦਾਰ ਸਾਰੇ।
ਅਸੀਂ ਨਹੀਂ ਥੋਡੀ ਅਰਦਾਸ ਕਰਨੀ,
ਤੁਸੀਂ ਹੋ ਤਨਖਾਹੀ ਅਧਾਰ ਸਾਰੇ।
ਕਈ ਕਹਿਣ ਨਾ ਕੋਈ ਦਸਤਾਰ ਲਾਹੇ,
ਖੇਡਣ ਹਾਲ ਨਾਂ ਕੇਸ ਖਲਾਰ ਸਾਰੇ।
ਕਈ ਕਹਿਣ ਨਾਂ ਤੁਸਾਂ ਨੂੰ ਗੁਰੂ ਆਖਣ,
ਸਿੱਖ ਬਣਨ ਨਾ ਜੋ ਸੇਵਾਦਾਰ ਸਾਰੇ।
ਕਈ ਕਹਿਣ ਭੈਣੀ ਸਾਹਿਬ ਨਾਂ ਕਹਿਣ ਕੂਕੇ,
ਸਿੱਧੀ ਕਹਿਣ ਭੈਣੀ ਮੁੱਖੋਂ ਟਾਰ ਸਾਰੇ।
ਕਈ ਕਹਿਣ ਏਹ ਲੋਹੇ ਦੀ ਲੈਣ ਮਾਲਾ,
ਦੇਣ ਉੱਨ ਦੀ ਗਲੋਂ ਉਤਾਰ ਸਾਰੇ।
ਕਈ ਕਹਿਣ ਨਾ ਔਰਤਾਂ ਪਾਉਣ ਕੱਛਾਂ,
ਰੱਖਣ ਗੁੱਤ ਨਾ ਕੇਸ ਖਿਲਾਰ ਸਾਰੇ।
ਕਈ ਕਹਿਣ ਗਲੋਂ ਲਾਹੋ ਢੋਲਕੀ ਨੂੰ,
ਜਲਸਾ ਕਰੋ ਨਾਂ ਤਾੜੀਆਂ ਮਾਰ ਸਾਰੇ।
ਮੁੰਡੇ ਕੁੜੀ ਦਾ ਤੁਸੀਂ ਨਿਕਾਹ ਕਰਦੇ,
ਬਾਮਣ ਦਿੱਤੇ ਨੇ ਦੂਰ ਦਰਕਾਰ ਸਾਰੇ।
ਕਈ ਕਹਿਣ ਨੀਲਾ ਬਾਣਾ ਸਰਬ ਪਾਵਣ,
ਸਿਰ ਤੇ ਸਿੰਘ ਰੱਖਣ ਦਸਤਾਰ ਸਾਰੇ।
ਕਾਮਾਂ ਮਾਂਗ ਪੁਜਾਰੀਆਂ ਰਾਰ ਕੀਤੀ,
ਹਾਰ ਬੈਠ ਗਏ ਝੱਖਾਂ ਮਾਰ ਸਾਰੇ।[11]

ਇਥੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਮਾਈਆਂ ਬੀਬੀਆਂ ਨੂੰ ਵੀ ਸਿੱਖ ਰਹਿਤ ਮਰਿਆਦਾ ਧਾਰਨ ਕਰਾਉਣ ਅਤੇ ਵਿਆਹਾਂ ਵਿਚੋਂ ਬ੍ਰਾਹਮਣਾਂ ਦੀ ਦਖਲ ਅੰਦਾਜ਼ੀ ਨੂੰ ਬੰਦ ਕਰਨਾ ਵੀ ਕੂਕਿਆਂ ਦੇ ਐਬ ਬਣਾ ਕੇ ਪ੍ਰਚਾਰੇ ਜਾ ਰਹੇ ਸਨ। ਜਦੋਂ ਅੰਮ੍ਰਿਤਸਰ ਵਾਲਿਆਂ ਪੁਜਾਰੀਆਂ ਦੀ ਇਹ ਲਿਖਤ ਤਖਤ ਸ੍ਰੀ ਅਬਚਲ ਨਗਰ, ਹਜ਼ੂਰ ਸਾਹਿਬ (ਨਾਦੇੜ) ਵਿਖੇ ਪੁੱਜੀ ਤਾਂ ਉਹਨਾਂ ਨੇ ਹਕੀਕਤ ਜਾਨਣ ਲਈ ਪੰਜ ਨਿਹੰਗ ਸਿੰਘਾਂ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਸੀ, ਉਹਨਾਂ ਪੰਜਾਂ ਸਿੰਘਾਂ ਨੇ ਸ੍ਰੀ ਭੈਣੀ ਸਾਹਿਬ ਤੋਂ ਬਾਅਦ ਹੋਰ ਗੁਰਧਾਮਾਂ ਦੇ ਵੀ ਇਧਰ ਦਰਸ਼ਨ ਕੀਤੇ ਅੰਤ ਫਿਰ ਹਜ਼ੂਰ ਸਾਹਿਬ ਪੁੱਜਕੇ, ਉਥੋਂ ਦੇ ਪ੍ਰਬੰਧਕਾਂ ਨੂੰ ਕੂਕਿਆਂ ਦੀ ਰਹੁਰੀਤ ਬਾਰੇ ਦੱਸਦਿਆਂ, ਇਸ ਨੂੰ ਦਸਮ ਗੁਰੂ ਜੀ ਦੀ ਸਥਾਪਿਤ ਮਰਿਆਦਾ ਦੇ ਅਨੁਕੂਲ ਹੀ ਦੱਸਿਆ ਅਤੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਵਿਚੋਂ ਉਹਨਾਂ ਨੂੰ ਵੀ ਦਸਮ ਗੁਰ ਦਰਸ਼ਨ ਦੇ ਝਲਕਾਰੇ ਮਿਲੇ ਸਨ।

ਹਜ਼ੂਰ ਸਾਹਿਬ ਤੇ ਪੰਜ ਨਿਹੰਗ ਭੇਜੇ,
ਭੈਣੀ ਸਾਹਿਬ ਆ ਕੇ ਦਰਸ਼ਨ ਪਾਂਵਦੇ ਨੇ।

ਆਦਰ ਸਾਰ ਕੀਤਾ ਗੁਰਾਂ ਪੂਰਿਆਂ ਨੇ,
ਹੱਥੀਂ ਆਪ ਪਰਸਾਦਿ ਪਕਾਂਵਦੇ ਨੇ।
ਲੰਗਰ ਫੇਰ ਕੀਤਾ ਨਾਮਧਾਰੀਆਂ ਨੇ,
ਪੰਗਤ ਆਪਣੀ ਵਿੱਚ ਵਰਤਾਂਵਦੇ ਨੇ।
ਰਹਿਤ ਦੇਖ ਮਰਜਾਦਾ ਨੂੰ ਖੁਸ਼ ਹੋਏ,
ਵਾਹਵਾਰ ਦਾ ਸ਼ਬਦ ਅਲਾਂਵਦੇ ਨੇ।
ਭਜਨ ਪੁੱਛਿਆ ਪੰਜਾਂ ਨੇ ਖੁਸ਼ ਹੋ ਕੇ,
ਸਣੇਕੇਸ ਇਸ਼ਨਾਨ ਕਰਾਂਵਦੇ ਨੇ।
ਕੱਠਾ ਰੋਜ ਹੋਵੇ ਲੰਗਰ ਸਾਰਿਆਂ ਦਾ,
ਅੱਠ ਦਿਨ ਓ ਸਿੰਘ ਬਤਾਂਵੰਦੇ ਨੇ।
ਆਪਸ ਵਿੱਚ ਆਖਣ ਗੁਰੂ ਹਈ ਦਸਮਾਂ,
ਕੁਝ ਭੇਦ ਤੇ ਫਰਕ ਨਾ ਪਾਂਵੰਦੇ ਨੇ।
ਅੰਮ੍ਰਿਤਸਰ ਤੇ ਦਮਦਮੇ ਮੁਕਤਸਰ ਜੀ,
ਅਨੰਦਪੁਰ ਦਾ ਵੀ ਦਰਸਨ ਪਾਂਵੰਦੇ ਨੇ।
ਖੁਸ਼ੀ ਗੁਰਾਂ ਤੇ ਲਈ ਤੇ ਬਿਦਾ ਹੋਏ,
ਜਾਕੇ ਵਿੱਚ ਹਜ਼ੂਰ ਸੁਣਾਵੰਦੇ ਨੇ।
ਸੱਚਾ ਗੁਰੂ ਤੇ ਰਹਿਤ ਹੈ ਸੱਚ ਸਾਰੀ,
ਅਸੀਂ ਕਰੀ ਅਜਮੈਸ਼ ਅਲਾਵੰਦੇ ਨੇ।
ਦਸਾਂ ਗੁਰਾਂ ਦੇ ਹੁਕਮ ਨੂੰ ਵਰਤਦੇ ਨੇ,
ਰਹਿਤ ਵਿੱਚ ਵੀ ਫ਼ਰਕ ਨਾਂ ਪਾਂਵਦੇ ਨੇ।
ਪੱਗ ਲਹਿੰਦੀ ਹੈ ਅਮਲ ਦੇ ਵਿੱਚ ਆ ਕੇ,
ਸਾਸ ਸਾਸ ਦਾ ਭਜਨ ਕਰਾਵੰਦੇ ਨੇ।
ਜੰਮਨ ਮਰਨ ਅਨੰਦ ਤੇ ਗੁਰੂ ਰੀਤੀ,
ਬਿਨਾਂ ਨਹੀਂ ਗਰੰਥ ਕਰਾਵੰਦੇ ਨੇ।
ਲੜਕੇ ਲੜਕੀਆਂ ਵੀ ਰਹਿਤ ਸਰਬ ਰੱਖਦੇ,
ਕੜੇ ਕੱਛ ਕਰਪਾਨ ਸਜਾਵੰਦੇ ਨੇ।
ਨਹੀਂ ਬਰਤਦੇ ਨਾਲ ਕੁਸੰਗੀਆਂ ਦੇ,
ਅੰਨ ਪਾਣੀ ਹੱਥ ਆਪਦੇ ਖਾਂਵਦੇ ਨੇ।
ਅਸੀਂ ਦੇਖਕੇ ਬਹੁਤ ਅਨੰਦ ਹੋਏ,
ਸਾਰਾ ਖੋਲ੍ਹ ਕੇ ਹਾਲ ਸੁਣਾਵੰਦੇ ਨੇ।
ਚਿੱਠੀ ਝੂਠ ਦੀ ਲਿਖੀ ਪੁਜਾਰੀਆਂ ਨੇ,
ਰਹਿਤ ਗੁਰੂ ਦੀ ਨਹੀਂ ਕਮਾਵੰਦੇ ਨੇ। ॥
ਚੌਹੀਂ ਗੁਰੂ ਦਵਾਰੀਂ ਗੁਰਮਤਿ ਨਾਹੀ,
ਮਨਮਤ ਦਾ ਕਾਰ ਚਲਾਵੰਦੇ ਨੇ।
ਕ੍ਰਿਆ ਬਾਹਰਾ ਤੇ ਹੱਡੀਆਂ ਵਿੱਚ ਗੰਗਾ,
ਦਰੀਂ ਬਾਹਮਣਾਂ ਦੇ ਧੱਕੇ ਖਾਵੰਦੇ ਨੇ।
ਗੁਰਮਤਿ ਅਨੰਦ ਨਾ ਕਰੇ ਕੋਈ,
ਗੇੜੇ ਨਾਲ ਚੁਰਾਸੀ ਦੇ ਪਾਵੰਦੇ ਨੇ।
ਸੋਢੀ ਬੇਦੀ ਪੁਜਾਰੀ ਤੇ ਨਿਰਮਲੇ ਜੋ,
ਸਾਰੇ ਮਰਿਆਂ ਦੇ ਪਿੰਡ ਭਰਾਵੰਦੇ ਨੇ।
ਗੰਗਾ, ਗਯਾ, ਪੁਹੋਏ ਤੇ ਭਟਕਦੇ ਨੇ,
ਗੁਰੂ ਧਾਮ ਪਸੰਦ ਨਾ ਲਿਆਵੰਦੇ ਨੇ।
ਏਹੋ ਹਾਲ ਪੰਜਾਬ ਦਾ ਅਸਾਂ ਡਿੱਠਾ,
ਸਾਰਾ ਖੋਹਲਿਆ ਫ਼ਰਕ ਨਾ ਪਾਂਵੰਦੇ ਨੇ।
ਕਾਲਾ ਸਿੰਘ ਨਾਮਧਾਰੀ ਨੇ ਸਿੰਘ ਗੁਰਦੇ,
ਪੰਜੇ ਸਿੰਘ ਹਜ਼ੂਰ ਸੁਣਾਵੰਦੇ ਨੇ।[12]

ਸਿੱਖ ਰਹਿਤ ਮਰਿਆਦਾ ਦੇ ਸੁਆਲ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਮਦੀਹਰ, ਥਾਣਾ ਮਲੋਟ (ਜ਼ਿਲ੍ਹਾ ਫੀਰੋਜਪੁਰ ਹੁਣ ਸ੍ਰੀ ਮੁਕਤਸਰ) ਦੇ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜ ਕੇ ਉਥੋਂ ਸਾਰੀ ਰੋਜ਼ ਦੀ ਦਿਨ ਚਰਿਆ ਉਹਨਾਂ ਸਿੰਘਾਂ ਦੀ ਲਿਖ ਲਿਆਉਣ ਲਈ ਭੇਜਿਆ ਸੀ ਕਿਉਂਕਿ ਪੰਜਾਬ ਦੇ ਗੁਰਧਾਮਾਂ ਵਿੱਚ ਤਾਂ ਮਰਿਆਦਾ ਖਲਤ ਮਲਤ ਹੋ ਗਈ ਸੀ, ਉਥੇ ਦਸਵੇਂ ਪਾਤਸ਼ਾਹ ਜੀ ਵਾਲੀ ਮਰਿਆਦਾ ਚੱਲੀ ਆਉਂਦੀ ਸੀ। ਇਹੋ ਮਰਿਆਦਾ ਨਾਮਧਾਰੀਆਂ ਵਿੱਚ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਇਕ ਰਹਿਤਨਾਮਾ 1863 ਈ. ਵਿੱਚ ਜਾਰੀ ਕਰਕੇ ਲਾਗੂ ਕੀਤੀ ਸੀ। ਇਸ ਲਈ ਇਸ ਮਰਿਆਦਾ ਦਾ ਸਿੱਖੀ ਤੋਂ ਉਲਟ ਜਾਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਜਦੋਂ ਸ੍ਰੀ ਸਤਿਗੁਰੂ ਜੀ ਰੰਗੂਨ ਵਿਖੇ ਬੰਦੀ ਜੀਵਨ ਵਿੱਚ ਸਨ ਤਾਂ ਜਿਹੜੇ ਸਿੰਘ ਆਪ ਪਾਸੋਂ ਹੁਕਮਨਾਮਿਆਂ ਦੀ ਮੰਗ ਕਰਦੇ ਸਨ, ਉਹਨਾਂ ਪ੍ਰਥਾਇ ਆਪ ਜੀ ਇਹ ਫਰਮਾਇਆ ਕਰਦੇ ਸਨ–

ਹੋਰ ਜੀ ਹੁਕਮਨਾਮੇ ਮੈਂ ਕੀ ਲਿਖਣੇ ਹੈ। ਹੁਕਮਨਾਮੇ ਤਾਂ ਗੁਰੂ ਜੀ ਦੇ ਈ ਲਿਖੇ ਦੇਖ ਲੈਣੇ ਜਿਨ ਦੇਖਣੇ ਹੋਣਿ, ਮੰਨਣੇ ਹੋਣਿ। ਮੰਨੇ ਬਿਨਾ ਦੇਖੇ ਦਾ ਕੁਛ ਫਾਇਦਾ ਨਹੀਂ ਹੁੰਦਾ। ਦੋ ਈ ਤਾਂ ਗਰੰਥ ਸਾਹਿਬ, ਸੌ ਸਾਖੀ, ਪਰੇਮ ਸਮਾਰਗੁ, ਏਹੁ ਹੁਕਮਨਾਮਾ ਹੈ ਸਾਰੀ ਸੰਗਤ ਕੋ ਅਰੁ ਸਾਰੇ ਭੇਖਾ ਕੋ, ਜਾਤਾ ਕੋ। ਅਰੁ ਮੈ ਵੀ ਸਾਰੀ ਸੰਗਤ ਦੇ ਬਾਸਤੇ ਲਿਖ ਕੇ ਭੇਜ ਦਿੱਤੇ ਹੈ। ਰਾਮਦਾਸ ਪੁਰੇ ਪਏ ਹਨ, ਜਿਨ ਦੇਖਣੇ ਹੋਣਿ ਸੋ ਦੇਖ ਲੇਵੇ।[13]

ਸੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ, ਭਵਿੱਖਤ ਬਚਨਾਂ ਦਾ ਸੰਗ੍ਰਹਿ ਸੌ ਸਾਖੀ ਜਿਸ ਵਿੱਚ ਦਸਵੇਂ ਪਾਤਸ਼ਾਹ ਜੀ ਨਾਲ ਸਬੰਧਿਤ ਸੌ ਸਾਖੀਆਂ ਮਿਲਦੀਆਂ ਹਨ ਅਤੇ ਸਿੱਖ ਰਹੁ ਰੀਤਾਂ, ਆਚਰਣਿਕ ਅਤੇ ਰਾਜਸੀ ਮਰਿਆਦਾ ਦਾ ਸੰਕੇਤ ਦਿੰਦਾ ਪੁਰਾਤਨ ਪੁਸਤਕ ਪ੍ਰੇਮ ਸੁਮਾਰਗ, ਸਤਿਗੁਰੂ ਜੀ ਮੁਤਾਬਿਕ ਗੁਰਸਿੱਖ ਜੀਵਨ ਦੇ

ਆਧਾਰ ਹੋਣੇ ਚਾਹੀਦੇ ਹਨ। ਨਾਮਧਾਰੀ ਜੀਵਨ ਜਾਚ, ਸਿੱਖ ਜੀਵਨ ਜਾਚ ਦਾ ਇੱਕ ਪ੍ਰਮਾਣਿਕ ਅੰਗ ਹੈ ਜਿਹਨੂੰ ਮੌਲਵੀ ਗੁਲਾਮ ਭੀਖ ਜਲੰਧਰੀ ਨੇ ਅਸਲ ਮਜ਼ਹਬ ਸਿੱਖਾਂ ਦਾ ਕਹਿ ਕੇ ਵਡਿਆਇਆ ਹੈ।

ਸੰਤ ਕਾਲਾ ਸਿੰਘ ਨੰਗਲ ਵੀ ਕੂਕਾ ਜੀਵਨ ਜਾਚ ਦੀ ਸਰਵਉੱਚਤਾ ਨੂੰ ਪੰਮੇ-ਪੁਜਾਰੀਆਂ ਦੇ ਦਰਸਾਏ ਜੀਵਨ ਮੁੱਲਾਂ ਨਾਲੋਂ ਕਿਤੇ ਉੱਚਾ ਸਿੱਧ ਕਰਦੇ ਹਨ, ਇਹੋ ਉਹਨਾਂ ਦੀ ਰਚਨਾ ਦਾ ਮੀਰੀ ਗੁਣ ਬਣ ਜਾਂਦਾ ਹੈ। ਦਰਅਸਲ ਸਤਿਗੁਰੂ ਜੀ ਬਦੇਸੀ ਹਾਕਮਾਂ ਖਿਲਾਫ ਜਿਹੜੀ ਸੁਦੇਸੀ ਦੀ ਮੁਹਿੰਮ ਚਲਾਉਣਾ ਚਾਹੁੰਦੇ ਸਨ ਉਸ ਦਾ ਆਧਾਰ ਕੂਕਾ ਆਚਰਣਕ ਜੀਵਨ ਦੀ ਸਰਵਉਚਤਾ ਵਿੱਚ ਵੀ ਨਿਹਿਤ ਸੀ। ਇਸੇ ਕੰਮ ਲਈ ਪੰਜਾਬ ਭਰ ਵਿੱਚ ਸ੍ਰੀ ਸਤਿਗੁਰੂ ਜੀ ਨੇ ਬਾਈ ਸੂਬੇ ਥਾਪੇ ਸਨ ਜਿਹਨਾਂ ਦੇ ਜ਼ਿੰਮੇ ਵੱਖ-ਵੱਖ ਹਿੱਸਿਆਂ ਵਿੱਚ ਕੂਕਾ ਜੀਵਨ ਜਾਚ ਦਾ ਪ੍ਰਚਾਰ ਕਰਨਾ ਸੀ। ਸੰਤ ਕਾਲਾ ਸਿੰਘ ਦੁਆਰਾ ਜੋ 22 ਸੂਬਿਆਂ ਦੀ ਸੂਚੀ ਦਿੱਤੀ ਗਈ ਹੈ। ਉਸ ਵਿੱਚ ਮੱਲਾ ਸਿੰਘ ਜੀ ਦਮਦਮਾ ਸਾਹਿਬ ਵਾਲਾ ਨਵਾਂ ਨਾਮ ਹੈ ਸੂਬਾ ਗੋਪਾਲ ਸਿੰਘ ਰੱਖੜ ਮਰੋੜ ਦੀ ਥਾਂ ਤੇ ਇਕ ਫ਼ਰਕ ਖੋਟਿਆ ਦਾ ਸੂਬਾ ਸਮੁੰਦ ਸਿੰਘ ਦੀ ਥਾਂ ਸੁੰਦਰ ਸਿੰਘ ਲਿਖਣਾ ਹੈ। ਬਾਕੀ ਵੀਹ ਨਾਮ ਸਰਕਾਰੀ ਸੂਚੀ ਵਾਲੇ ਹੀ ਹਨ। ਮਾਈ ਹੁਕਮੀ ਵਰਿਆਂਹ ਵਾਲੀ ਦਾ ਜ਼ਿਕਰ ਵੀ ਨਹੀਂ ਕਰਦੇ ਹਨ। ਆਪ ਸੂਬਿਆਂ ਦੀ ਗਿਣਤੀ ਬਾਈ ਤੱਕ ਵੀ ਸੀਮਿਤ ਨਹੀਂ ਕਰਦੇ।

ਸੂਬੇ ਬਹੁਤ ਬੇਅੰਤ ਨਹੀਂ ਗਿਣੇ ਜਾਂਦੇ,
ਭਜਨ ਦੱਸਦੇ ਵਿੱਚ ਸੰਸਾਰ ਵਾਰੀ।
ਹੁਕਮ ਸਤਿਗੁਰਾਂ ਦਾ ਸਾਰੇ ਸੂਬਿਆਂ ਨੂੰ,
ਕਰੋ ਪੰਥ ਦਾ ਜਾਇ ਪ੍ਰਚਾਰ ਵਾਰੀ।
ਕੜਾ ਕੱਛ ਕਰਪਾਨ ਇਸ਼ਨਾਨ ਕੇਸੀਂ,
ਅੰਮ੍ਰਿਤ ਪਾਨ ਕਰਸਣ ਨਰ ਨਾਰ ਵਾਰੀ।
ਦਾਰੂ ਮਾਸ ਕੁੱਠਾ ਹੁੱਕਾ ਦੂਰ ਕਰਕੇ,
ਕੰਨ ਦਸਣਾ ਸ਼ਬਦ ਉਚਾਰ ਵਾਰੀ।
ਮੜੀ ਗੋਰ ਭੈਰੋਂ ਭੂਤ ਛੱਡ ਦੇਵੋ,
ਨਹੀਂ ਮੰਨਣੇ ਭੁੱਸ ਅਵਤਾਰ ਵਾਰੀ।
ਰਾਮ ਕਿਸ਼ਨ ਤੇ ਬਿਸ਼ਨ ਗਣੇਸ਼ ਆਦਿਕ,
ਛੱਡੋ ਵੇਦ ਪੁਰਾਣ ਦੀ ਕਾਰ ਵਾਰੀ।
ਗੁਰੂ ਗ੍ਰੰਥ ਜੀ ਬਾਝ ਨਾ ਹੋਰ ਪੂਜਣ,
ਏਹੁ ਹੁਕਮ ਸਾਡਾ ਵਾਰ-ਵਾਰ ਵਾਰੀ।
ਪੈਸਾ ਕੁੜੀ ਦਾ ਬੈਲ ਨਾ ਕਰਨ ਖੱਸੀ,
ਡੂਢੀ ਜਿਣਸ ਬਿਆਜ ਬਿਕਾਰ ਵਾਰੀ।
ਤੁਸੀਂ ਦੇਸ ਦੇਸੰਤ੍ਰਾਂ ਵਿੱਚ ਜਾਕੇ,
ਗੁਰਮਤਿ ਕਰਨੀ ਪ੍ਰਚਾਰ ਵਾਰੀ।
ਸਕਤੀ ਆਪ ਜੇਹੀ ਬਾਈਆਂ ਸੂਬਿਆਂ ਨੂੰ,
ਬਖਸ਼ ਆਪ ਦਿੱਤੀ ਕਰਨ ਹਾਰ ਵਾਰੀ।
ਦਸਮ ਗੁਰੂ ਜਿਵੇਂ ਪੰਜਾਂ ਪਯਾਰਿਆਂ ਨੂੰ,
ਕੀਤਾ ਆਪ ਸਮਾਨ ਤਿਆਰ ਵਾਰੀ।
ਕਾਲਾ ਸਿੰਘ ਦਿੱਤਾ ਹੁਕਮ ਸੂਬਿਆਂ ਨੂੰ,
ਰਾਮ ਸਿੰਘ ਸਤਿਗੁਰੂ ਕਰਨ ਹਾਰ ਵਾਰੀ।[14]

ਸਤਿਗੁਰੂ ਜੀ ਨੇ ਧਾਰਮਿਕ ਤੇ ਸਿਆਸੀ ਪ੍ਰਚਾਰ ਦੇ ਨਾਲ-ਨਾਲ ਸਮਾਜ ਨੂੰ ਕਮਜ਼ੋਰ ਕਰ ਰਹੀਆਂ ਕੁਰੀਤੀਆਂ ਨਸ਼ੇ, ਵਹਿਮ-ਭਰਮ, ਪਾਖੰਡ ਆਦਿ ਤੋਂ ਵੀ ਮੁਕਤ ਕੀਤਾ। ਆਰਥਿਕ ਤੌਰ ਤੇ ਲਿਤਾੜੇ ਲੋਕਾਂ ਗਰੀਬ ਕਿਸਾਨਾਂ ਦੀ ਬਾਂਹ ਫੜਨ ਲਈ ਉਹਨਾਂ ਨੂੰ ਮਣ ਦਾਣੇ ਦੇ ਕੇ ਡੇਢ ਮਨ ਵਸੂਲਣ ਜਾਂ ਹੁਦਾਰ ਦਿੱਤੀ ਰਕਮ ਤੇ ਵਿਆਜ ਲਾਉਣਾ ਇਸ ਦਾ ਵੀ ਪੂਰੀ ਤਰ੍ਹਾਂ ਵਿਰੋਧ ਕੀਤਾ। ਵਿਆਜ ਲੈਣ ਕਰਕੇ ਹੀ ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਨਮੂਨੇ ਤਿੰਨ ਸਿੰਘਾਂ ਵਿਚੋਂ ਇਕ ਜਮੀਅਤ ਸਿੰਘ ਗਿੱਲ ਨੂੰ ਅੱਧਾ ਸਿੱਖ ਕਹਿਕੇ, ਕੁੱਲ ਢਾਈ ਸਿੱਖ ਲੱਭਣ ਦਾ ਬਚਨ ਕੀਤਾ ਸੀ। ਸੰਤ ਕਾਲਾ ਸਿੰਘ ਜੀ ਦੀ ਇਹ ਰਚਨਾ ਨਾਮਧਾਰੀ ਜੀਵਨ ਜਾਚ ਦੀ ਸਿੱਖਾਂ ਅਤੇ ਸਤਿਗੁਰੂ ਜੀ ਨਾਲ ਉਹਨਾਂ ਦੇ ਗੂਹੜੇ ਪ੍ਰੇਮ ਸਬੰਧਾਂ ਦੀ ਸ਼ਾਨਦਾਰ ਤਸਵੀਰ ਕਸ਼ੀ ਕਰਦੀ ਹੈ। ਨਾਮਧਾਰੀ ਸ਼ਹੀਦੀ ਸਾਕਿਆਂ ਨੂੰ ਵੀ ਕਵੀ ਜੀ ਨੇ ਵਿਸਥਾਰ ਸਹਿਤ ਕਈ ਨਵੀਆਂ ਖੋਜਾਂ ਤਹਿਤ ਬਿਆਨ ਕੀਤਾ ਹੈ। ਕਵੀ ਜੀ 1929 ਈ. ਵਿੱਚ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੀ ਸਾਹਿਤਕ ਤੇ ਇਤਿਹਾਸਿਕ ਵਿਰਾਸਤ ਸਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਹੋਰਾਂ ਨੇ ਸੰਭਾਲੀ ਸੀ। "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਕੂਕਾ ਇਤਿਹਾਸ ਬਾਰੇ ਬੇਸ਼ਕੀਮਤੀ ਖਜ਼ਾਨਾ ਸੰਭਾਲਣ ਵਾਲੀ ਪੁਸਤਕ ਹੈ।

**ਹਵਾਲੇ ਤੇ ਟਿੱਪਣੀਆਂ**

1. ਸ਼ਹੀਦ ਬਿਲਾਸ, ਸ੍ਰੀ ਅੰਮ੍ਰਿਤਸਰ ਵਿੱਚ ਨਾਮਧਾਰੀ ਸਿੰਘ ਸ਼ਹੀਦ, ਗਿਆਨੀ ਕਾਹਲਾ ਸਿੰਘ ਨੰਗਲ, ਤੀਜੀ ਛਾਪ ਪ੍ਰਕਾਸ਼ਕ, ਗਿਆਨੀ ਬੂਟਾ ਸਿੰਘ ਘੜੀ ਸਾਜ਼, ਪਿੰਡ ਦਮਦਮਾ, ਡਾ. ਧਰਮਪੁਰਾ ਜ਼ਿਲ੍ਹਾ ਹਿਸਾਰ (ਤਹਿਸੀਲ ਸਿਰਸਾ) ਸੰਨ 1969 ਈ., ਸਫ਼ਾ 47, ਪਹਿਲੀਆਂ ਦੋ ਛਾਪਾਂ ਕ੍ਰਮਵਾਰ 1913 ਅਤੇ 1914 ਈ. ਦੀਆਂ ਹਨ।

**ਬਾਕੀ ਸਫ਼ਾ ਨੰ 30 'ਤੇ**

# ਸਹਜ ਕੀ ਅਕਥ ਕਥਾ ਹੈ ਨਿਰਾਰੀ



**ਮੁਹਿੰਦਰ ਸਿੰਘ ਕੂਕਾ**
**959912008**

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ 333 ਉਪਰ ਗਉੜੀ ਰਾਗੁ ਵਿਚ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਅੱਠ ਪੰਗਤੀਆਂ ਵਾਲਾ ਇਹ ਸ਼ਬਦ ਦਰਜ ਹੈ-

ਤਹ ਪਾਵਸ ਸਿੰਧੁ ਧੂਪ ਨਹੀ
ਛਹੀਆ ਤਹ ਉਤਪਤਿ ਪਰਲਉ ਨਾਹੀ॥
ਜੀਵਨ ਮਿਰਤੁ ਨ ਦੁਖ ਸੁਖ ਬਿਆਪੈ
ਸੁੰਨ ਸਮਾਧਿ ਦੋਊ ਤਹ ਨਾਹੀ॥
ਸਹਜ ਕੀ ਅਕਥ ਕਥਾ ਹੈ ਨਿਰਾਰੀ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ
ਹਲੁਕੀ ਲਗੈ ਨ ਭਾਰੀ॥1॥ਰਹਾਉ॥
ਅਰਧ ਉਰਧ ਦੋਊ ਤਹ ਨਾਹੀ
ਰਾਤ ਦਿਨਸੁ ਤਹ ਨਾਹੀ॥
ਜਲੁ ਨਹੀ ਪਵਨ ਪਾਵਕੁ ਫੁਨਿ ਨਾਹੀ
ਸਤਿਗੁਰ ਤਹਾ ਸਮਾਹੀ॥
ਅਗਮ ਅਗੋਚਰੁ ਰਹੈ ਨਿਰੰਤਰਿ
ਗੁਰ ਕਿਰਪਾ ਤੇ ਲਹੀਐ॥
ਕਹੁ ਕਬੀਰ ਬਲਿ ਜਾਉ ਗੁਰ ਅਪੁਨੇ
ਸਤਿਸੰਗਤਿ ਮਿਲਿ ਰਹੀਐ॥

ਇਸ ਸ਼ਬਦ ਵਿਚ ਪੂਰਨ-ਪੁਰਸ਼ ਅਥਵਾ ਸਤਿਗੁਰੂ ਦੇ ਇਕ ਮਹਾਨ ਅਤੇ ਅਤੀ-ਵਿਸ਼ੇਸ਼ ਗੁਣ ਨੂੰ ਦਰਸਾਇਆ ਗਿਆ ਹੈ ਕਿ ਉਹ ਕਿਸੇ ਵੀ ਅਨੁਕੂਲ ਪ੍ਰਤੀਕੂਲ ਪ੍ਰਸਿਥਤੀ- ਪ੍ਰਿਥਵੀ ਆਕਾਸ਼, ਜਲ ਥਲ, ਜਨਮ ਮ੍ਰਿਤੂ, ਨੀਚ ਉਚ, ਧੁੱਪ ਛਾਂ, ਉਤਪਤੀ ਪਰਲੌ, ਗਰਮੀ ਸਰਦੀ, ਦੁਖ ਸੁੱਖ, ਲੋਕ ਪਰਲੋਕ, ਰਾਤ ਦਿਨ, ਹਵਾ ਅਗਨੀ ਆਦਿ ਤੋਂ ਆਮ ਮਨੁੱਖ ਵਾਂਗ ਪ੍ਰਭਾਵਿਤ ਅਥਵਾ ਖੁਸ਼ ਜਾਂ ਵਿਚਲਿਤ ਨਹੀਂ ਹੁੰਦਾ ਸਗੋਂ ਸਦੈਵ 'ਸਮਦਰਸ਼ੀ' ਰਹਿੰਦਾ ਹੈ ਤੇ ਇਕ 'ਖਾਸ ਸੰਤੁਲਿਤ ਮਾਨਸਿਕ ਅਵਸਥਾ' ਵਿਚ ਵਿਚਰਦਾ ਹੈ। ਕਬੀਰ ਸਾਹਿਬ 'ਅਚੱਲ' ਤੇ 'ਸਾਡੀਆਂ ਗਿਆਨ ਇੰਦ੍ਰੀਆਂ ਦੀ ਪਕੜ ਤੋਂ ਨਿਰੰਤਰ ਪਰ੍ਹੇ' ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਤਰੀਕਾ 'ਗੁਰੂ ਦੀ ਕਿਰਪਾ ਦੇ ਪਾਤਰ ਬਣਨਾ' ਦਸਦੇ ਹਨ ਤੇ ਆਪਣੇ ਗੁਰੂ ਤੋਂ 'ਬਲਿਹਾਰ' ਜਾਂਦੇ ਹੋਏ ਉਸ ਸਤਿਗੁਰੂ ਦੀ 'ਸੱਚੀ ਸੰਗਤ' ਵਿਚ ਮਿਲ ਰਹਿਣ ਦਾ ਉਪਦੇਸ਼ ਦਿੰਦੇ ਹਨ।

ਸਾਰੇ ਸ਼ਬਦ ਦੀਆਂ ਪਹਿਲੀਆਂ ਦੋ ਤੁਕਾਂ ਤੋਂ ਅਗਾਂਹ ਪੂਰੇ ਸ਼ਬਦ ਦੇ ਕੇਂਦਰੀ ਭਾਵ ਵਾਲੀਆਂ 'ਰਹਾਉ' ਦੀਆਂ ਦੋ ਤੁਕਾਂ ਹਨ-

ਸਹਜ ਕੀ ਅਕਥ ਕਥਾ ਹੈ ਨਿਰਾਰੀ॥
ਤੁਲਿ ਨਹੀ ਚਢੈ ਜਾਇ ਨਾ ਮੁਕਾਤੀ
ਹਲੁਕੀ ਲਗੈ ਨ ਭਾਰੀ॥ਰਹਾਉ॥

ਕਬੀਰ ਸਾਹਿਬ ਨੇ ਉਸ ਵਿਸ਼ੇਸ਼ ਅਵਸਥਾ ਨੂੰ ਹੀ 'ਰਹਾਉ' ਦੀਆਂ ਦੋ ਤੁਕਾਂ ਰਾਹੀਂ 'ਸਹਜ' ਦਾ ਨਾਂ ਦੇ ਕੇ ਦੱਸਿਆ ਹੈ ਕਿ- 'ਸਹਜ' ਇਕ ਬਹੁਤ ਹੀ ਅਕੱਥ, ਨਿਵੇਕਲੀ ਤੇ ਨਿਰਾਲੀ ਅਵਸਥਾ ਹੈ, ਇਸ ਬਰਾਬਰ 'ਸੰਤੁਲਿਤ' ਅਥਵਾ 'ਸਾਂਵੀਂ-ਪੱਧਰੀ ਅਵਸਥਾ'ਹੋਰ ਕੋਈ ਮਾਨਸਿਕ ਅਵਸਥਾ ਨਹੀਂ। ਇਹ ਅਵਸਥਾ ਕਦੇ ਖੰਡਿਤ ਹੋਣ ਵਾਲੀ ਨਹੀਂ, ਨਾ ਇਹ ਹਲਕੀ ਲਗਦੀ ਹੈ ਤੇ ਨਾ ਹੀ ਭਾਰੀ।

ਸਤਿਗੁਰਾਂ ਨੇ ਵੀ ਗੁਰਬਾਣੀ ਅੰਦਰ 'ਸਹਜ' ਅਥਵਾ 'ਤਨ-ਮਨ ਦੀ ਸਹਜ ਅਵਸਥਾ' ਨੂੰ ਬਾਖੂਬੀ ਦ੍ਰਿੜ੍ਹ ਕਰਵਾਇਆ ਹੈ।

ਜੋਗੀ, ਜਤੀ, ਤਪੀ, ਹਠੀ, ਸੰਨਿਆਸੀ, ਬ੍ਰਹਮਚਾਰੀ ਆਦਿ ਸਭ ਨੇ ਆਪੋ-ਆਪਣੇ ਢੰਗ ਤਰੀਕੇ ਵਰਤ ਕੇ ਵੇਖ ਲਏ ਪਰ ਉਹ ਇਨ੍ਹਾਂ 'ਇਕ-ਤਰਫੀ ਤੇ ਬੇਹੱਦ ਕਠੋਰ' ਢੰਗਾਂ ਰਾਹੀਂ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਹੇ, ਕੇਵਲ ਆਪਣੇ ਸਰੀਰ ਨੂੰ ਹੀ ਭਾਰੀ ਕਸ਼ਟ

ਦੇਂਦੇ ਰਹੇ। ਗੌਤਮ ਬੁੱਧ ਨੇ ਭਾਰੀ 'ਹਠ' ਸਹਿਤ ਤਪ ਕਰਦਿਆਂ ਅੰਨ-ਜਲ ਦਾ ਹੀ ਤਿਆਗ ਕਰ ਦਿੱਤਾ ਸੀ। ਨਤੀਜੇ ਵਜੋਂ ਉਸਦਾ ਸਰੀਰ ਹੀ ਸੁੱਕ ਕੇ ਪਿੰਜਰ ਹੋ ਗਿਆ। ਇਤਨੀ ਮਾੜੀ ਹਾਲਤ ਵਿਚ ਕਿਸੇ 'ਅੰਤਰ-ਦ੍ਰਿਸ਼ਟੀ' ਵਾਲੇ ਰਾਹਗੀਰ ਨੇ ਉਸਨੂੰ ਦੱਸਿਆ ਕਿ 'ਆਪਣੇ ਸਰੀਰ ਰੂਪੀ ਸਾਜ਼ ਨੂੰ ਨਾ ਤਾਂ ਇਤਨਾਂ ਢਿੱਲਾ ਛੱਡੋ ਕਿ ਇਹ ਬੇਸੁਰਾ ਹੀ ਹੋ ਜਾਵੇ ਤੇ ਨਾ ਹੀ ਏਨਾ ਕੱਸ ਕੇ ਰੱਖੋ ਕਿ ਇਹਦੀਆਂ ਤਾਰਾਂ ਹੀ ਟੁੱਟ ਜਾਣ।' ਇਤਨੇ ਨਾਲ ਹੀ ਗੌਤਮ ਨੂੰ ਚਾਨਣ ਹੋ ਗਿਆ ਤੇ ਉਸਨੇ 'ਵਿਚਕਾਰਲਾ ਰਾਹ' ਅਪਣਾਇਆ। ਆਪਣਾ ਘਰਬਾਰ ਤਾਂ ਉਹ ਪਹਿਲਾਂ ਹੀ ਤਿਆਗ ਚੁੱਕਾ ਸੀ, ਪਰੰਤੂ ਸਰੀਰਕ ਖੁਰਾਕ ਦੀ ਪੂਰਤੀ ਵਾਸਤੇ ਉਹ ਦਰ-ਦਰ ਮੰਗਣ ਤੁਰ ਪਿਆ, 'ਭਿਖਸ਼ੂ' ਬਣ ਗਿਆ ਅਤੇ ਆਪਣੇ ਅਨੁਯਾਈਆਂ ਨੂੰ ਵੀ 'ਮੰਗਤੇ' ਬਣਾ ਦਿੱਤਾ। ਇਸਦੇ ਐਨ ਉਲਟ, ਸਤਿਗੁਰੂ ਨਾਨਕ ਸਾਹਿਬ ਨੇ ਗ੍ਰਹਿਸਤ ਜੀਵਨ ਅਪਣਾ ਕੇ ਆਪਣੇ ਹੱਥੀਂ ਹੱਕ-ਸੱਚ ਦੀ ਕਿਰਤ ਕਰਕੇ 'ਵੰਡ ਛਕਣ' ਤੇ ਲੋੜਵੰਦ ਜੀਵਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਇਹ 'ਸਹਜ' ਅਵਸਥਾ ਦਾ ਸਰੀਰਕ ਜਾਂ ਬਾਹਰੀ ਰੂਪ ਹੈ। 'ਸਹਜ' ਦਾ ਅੰਦਰਲਾ ਸਰੂਪ ਤਾਂ 'ਮਨ ਦੀ ਸਹਿਜ ਅਵਸਥਾ' ਨਾਲ ਹੈ। ਕਬੀਰ ਸਾਹਿਬ ਨੇ ਵੀ ਕਿਹਾ ਹੈ-

ਮਮਾ ਮਨ ਸਿਉ ਕਾਜੁ ਹੈ
ਮਨ ਸਾਧੇ ਸਿਧਿ ਹੋਇ॥
ਮਨ ਹੀ ਮਨ ਸਿਉ ਕਹੈ ਕਬੀਰਾ
ਮਨ ਸਾ ਮਿਲਿਆ ਨ ਕੋਇ॥

ਪਰੰਤੂ ਸ੍ਰੀ ਗੁਰੂ ਅਮਰਦਾਸ ਜੀ ਦਾ ਕਹਿਣਾ ਹੈ ਕਿ-

ਮਨੁ ਅਸਾਧੁ ਸਾਧੈ ਜਨੁ ਕੋਇ॥
ਅਚਰੁ ਚਰੈ ਤਾ ਨਿਰਮਲੁ ਹੋਇ॥
ਮਨ ਮਰੈ ਦਾਰੂ ਜਾਣੈ ਕੋਇ॥
ਮਨ ਸਬਦਿ ਮਰੈ ਬੂਝੈ ਜਨੁ ਸੋਇ॥

ਭਾਵ ਇਹ ਕਿ ਅਸੀਂ 'ਅਸਾਧ' ਮਨ ਨੂੰ ਗੁਰੂ ਦੇ ਸ਼ਬਦ ਰਾਹੀਂ ਹੀ ਸਿੱਧਾ ਕਰ ਸਕਦੇ ਹਾਂ। ਦ੍ਰਿੜ੍ਹ ਇਰਾਦੇ ਸਹਿਤ ਮਨ ਨੂੰ ਗੁਰੂ ਦਾਆਰਾ ਦਿੱਤੇ 'ਨਾਮੁ' ਦੀ ਸੂਈ ਨਾਲ ਸੀ ਕੇ, ਉਹਦੇ ਹੁਕਮ ਮੰਨਣ ਨਾਲ ਹੀ ਅਮੋੜ ਮਨ ਨੂੰ ਕਾਬੂ ਅਤੇ ਹਰ ਪ੍ਰਾਣੀ ਵਿਚ ਇਕ ਹੀ 'ਜੋਤਿ' ਮਹਿਸੂਸ ਕਰਦੇ ਹੋਏ ਸਭ ਨੂੰ ਪ੍ਰੇਮ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗੁਰੂ ਦੀ ਕਿਰਪਾ ਦ੍ਰਿਸ਼ਟੀ ਤਾਂ ਸੋਨੇ ਉਤੇ ਸੁਹਾਗੇ ਵਾਂਗ ਕੰਮ ਕਰਦੀ ਹੈ। ਸੋ, ਸਾਨੂੰ ਸਤਿਗੁਰੂ ਦੀ ਬਖਸ਼ਿਸ਼ ਵਾਸਤੇ ਵੀ ਅਰਜ਼ੋਈ ਕਰਦੇ ਰਹਿਣਾ ਚਾਹੀਦਾ ਹੈ।

ਗੁਰਬਾਣੀ ਅੰਦਰ ਗੁਰੂਆਂ-ਭਗਤਾਂ ਨੇ ਪ੍ਰਭੂ-ਭਗਤੀ ਤੇ ਪ੍ਰਭੂ-ਪ੍ਰਾਪਤੀ ਵਾਸਤੇ ਸਰਵੋਤਮ ਰਸਤਾ 'ਸਹਿਜ-ਯੋਗ' ਦਾ ਹੀ ਦਰਸਾਇਆ ਹੈ। ਨਾ ਹੱਠ ਕਰਨ ਦੀ ਲੋੜ ਹੈ ਤੇ ਨਾ ਹੀ ਆਪਣੇ ਤਨ-ਮਨ ਨਾਲ ਕੋਈ ਜ਼ੋਰ-ਜ਼ਬਰਦਸਤੀ ਕਰਨ ਦੀ ਜ਼ਰੂਰਤ ਹੈ। ਗੁਰਬਾਣੀ ਵਿਚ ਇਹ ਨੁਕਤਾ ਕਈ ਸ਼ਬਦਾਂ ਰਾਹੀਂ ਸਮਝਾਇਆ ਗਿਆ ਹੈ, ਜਿਵੇਂ ਭਗਤ ਕਬੀਰ ਸਾਹਿਬ ਦੇ ਇਹ ਸ਼ਬਦ ਹਨ-

ਧੀਰੇ ਧੀਰੇ ਰੇ ਮਨਾ ਧੀਰੇ ਸਭ ਕਿਛੁ ਹੋਇ॥

ਅਤੇ

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਕੇ ਤਤੁ ਨ ਜਾਈ॥

ਜਿਸ ਤਰ੍ਹਾਂ ਸਮਝਦਾਰ ਸੁਆਣੀਆਂ ਮੱਖਣ ਪ੍ਰਾਪਤ ਕਰਨ ਵਾਸਤੇ ਦਹੀਂ ਜਾਂ ਮਲਾਈ ਨੂੰ ਮਧਾਣੀ ਨਾਲ ਸਹਿਜੇ-ਸਹਿਜੇ ਰਿੜ੍ਹਕਦੀਆਂ ਹਨ, ਉਸੇ ਤਰ੍ਹਾਂ ਹੀ ਹਰੀ ਦੇ ਨਾਮੁਨੂੰ ਮਨ ਵਿਚ ਧੀਰੇ-ਧੀਰੇ ਰਿੜ੍ਹਕਣ, ਭਾਵ ਮਨ ਵਿਚ ਸਹਿਜੇ-ਸਹਿਜੇ ਵਸਾਉਣ ਨਾਲ, 'ਅੜਬ' ਮਨ ਨੂੰ ਵੱਸ ਵਿਚ ਕੀਤਾ ਜਾ ਸਕਦਾ ਹੈ। ਮਨ ਨਾਲ ਜ਼ੋਰ-ਜ਼ਬਰਦਸਤੀ ਕੀਤਿਆਂ ਇਹ ਹੋਰ ਵਿਗੜ ਸਕਦਾ ਹੈ। ਏਥੇ, ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ 'ਚੋਂ ਇਕ ਵਾਕਿਆ ਸਾਹਮਣੇ ਆ ਗਿਆ ਹੈ। ਉਨ੍ਹਾਂ ਦਾ ਇਕ ਪਾਲਤੂ ਘੋੜਾ ਬਹੁਤ ਅੱਥਰੇ ਸੁਭਾਅ ਵਾਲਾ ਸੀ। ਇਕ ਦਿਨ ਇਸ ਘੋੜੇ ਨੂੰ ਟਾਂਗੇ ਜਾਂ ਬੱਘੀ ਅੱਗੇ ਜੋੜ ਕੇ ਸੈਰ-ਸਪਾਟੇ ਵਾਸਤ ਲੈ ਨਿਕਲੇ। ਜਾਂਦੇ ਵਕਤ ਉਹ ਘੋੜਾ ਬੜਾ ਸਰਪਟ ਦੌੜਿਆ ਪਰੰਤੂ ਵਾਪਸੀ ਵੇਲਤੇ ਇਹ ਘੋੜਾ ਰਾਹ ਵਿਚ ਹੀ ਰੁਕ ਗਿਆ ਤੇ ਹਿੱਲਣ-ਤੁਰਨ ਦਾ ਨਾਂ ਹੀ ਨਾ ਲਵੇ। ਸੇਵਕ, ਜਿਹੜਾ ਉਸ ਵਕਤ ਆਪਜੀ ਦੇ ਨਾਲ ਸੀ, ਨੇ ਕਿਹਾ- "ਘੋੜੇ ਨੂੰ ਦੋ-ਚਾਰ ਚਾਬੁਕ ਮਾਰੋ ਤਾਂ ਇਹ ਟੁਰ ਪਵੇਗਾ।" ਸਤਿਗੁਰੂ ਜੀ ਨੇ ਕਿਹਾ- "ਨਹੀਂ, ਇਸਨੂੰ ਮਾਰਨਾ ਨਹੀਂ, ਜ਼ਰਾ ਇੰਤਜ਼ਾਰ ਕਰਾਂਗੇ ਤਾਂ ਇਹ ਆਪਣੇ ਆਪ ਟੁਰ ਪਵੇਗਾ।" ਪੰਦਰਾਂ-ਵੀਹ ਮਿੰਟਾਂ ਬਾਅਦ, ਘੋੜਾ ਆਪਣੇ ਆਪ ਹੀ ਟੁਰ ਪਿਆ। ਅਜਿਹਾ ਹੀ ਇਕ ਹੋਰ ਦ੍ਰਿਸ਼ਟਾਂਤ- ਲੋਹਾ ਗਰਮ ਹੋਵੇ ਅਤੇ ਲੋਹਾਰ ਦਾ ਮਨ ਸ਼ਾਂਤ ਅਤੇ ਠੰਢਾ, ਤਾਂ ਹੀ ਲੁਹਾਰ ਉਸ ਲੋਹੇ ਨੂੰ ਆਪਣੀ ਮਨ-ਮਰਜ਼ੀ ਦੀ ਸ਼ਕਲ ਦੇ ਸਕਦਾ ਹੈ। ਪਰ ਜੇ ਲੋਹਾ ਠੰਢਾ ਤੇ ਲੁਹਾਰ ਦਾ ਮਨ ਗਰਮ ਹੋਵੇ, ਤਾਂ ਨਾ ਲੁਹਾਰ ਦੀ, ਨਾ ਉਹਦੇ ਹਥੌੜੇ ਦੀ ਮਰਜ਼ੀ ਚੱਲੇਗੀ। ਇਸ ਹਾਲਤ ਵਿਚ ਉਸ ਠੰਢੇ ਲੋਹੇ ਦਾ ਕੋਈ ਔਜ਼ਾਰ ਜਾਂ ਹਥਿਆਰ ਨਹੀਂ ਬਣੇਗਾ। ਭਾਵ ਇਹ ਕਿ ਸ਼ਾਂਤ ਤੇ ਠੰਢੇ ਮਨ ਦੀ ਅਵਸਥਾ 'ਚ ਰਹਿ ਕੇ ਕੀਤਾ

# ਮਾਨ ਸਨਮਾਨ


13 ਮਾਰਚ


ਤ੍ਰਿਵੇਣੀ
ਸ੍ਰੀ ਸਤਿਗੁਰੂ ਬਾਲਕ ਸਿੰਘ
13 ਮਾਰਚ






13


ਤ੍ਰਿਵੇਣੀ
ਸ੍ਰੀ ਸਤਿਗੁਰੂ ਬਾਲਕ ਸਿੰਘ ਜੀ
13 ਮਾਰਚ ਤੋਂ 17


13 ਮਾਰਚ

## 101 ਅਖੰਡ ਪਾਠਾਂ ਦਾ ਦ੍ਰਿਸ਼ 1 ਤੋਂ 9 ਮਾਰਚ 2025











## ਹੋਲੇ ਮਹੱਲੇ ਦੀਆਂ ਕੁਝ ਝਲਕੀਆਂ







# ਪੁਸਤਕ ਰਿਲੀਜ


ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ
17 ਮਾਰਚ 2025,


ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ
ਮਾਰਚ ਤੋਂ 17 ਮਾਰਚ 2025,


ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ
13 ਮਾਰਚ ਤੋਂ


ਮਾਰਚ ਤੋਂ 17 ਮਾਰਚ


ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ
ਮਾਰਚ 2025,

# ਸਹਿਜ ਅਨੰਦ











ਹੋਇਆ ਕਾਰਜ ਹੀ ਸਹੀ ਤੇ ਸਫਲ ਹੁੰਦਾ ਹੈ। ਗੁੱਸੇ ਤੇ ਕਰੋਧ ਭਰੀ ਮਾਨਸਿਕ ਅਵਸਥਾ ਵਿਚ ਕੀਤਾ ਹੋਇਆ ਕੋਈ ਵੀ ਕੰਮ ਕਦੇ ਨੇਪਰੇ ਨਹੀਂ ਚੜ੍ਹਦਾ, ਸਗੋਂ ਨੁਕਸਾਨ-ਦਾਇਕ ਹੀ ਸਿੱਧ ਹੁੰਦਾ ਹੈ। ਰਸੋਈ-ਘਰ ਵਿਚ ਭੋਜਨ ਤਿਆਰ ਕਰਦੇ ਸਮੇਂ ਠੰਢੇ ਤਵੇ ਤੇ ਪਾਈ ਰੋਟੀ ਕੱਚੀ ਰਹਿ ਜਾਂਦੀ ਹੈ ਤੇ ਜ਼ਰੂਰਤ ਤੋਂ ਵਾਧੂ ਅੱਗ ਦੇ ਸੇਕ ਨਾਲ ਤਪੇ ਹੋਏ ਤਵੇ ਤੇ ਪਾਈ ਰੋਟੀ ਸੜ ਜਾਂਦੀ ਹੈ। ਕੱਚੀ ਜਾਂ ਸੜੀ ਹੋਈ ਰੋਟੀ ਖਾਣ ਦੇ ਲਾਇਕ ਹੀ ਨਹੀਂ ਰਹਿੰਦੀ। ਕੇਵਲ ਸਹੀ ਸੇਕ ਤੇ ਪੱਕੀ ਹੋਈ ਰੋਟੀ ਹੀ ਸਵਾਦੀ ਤੇ ਪੌਸ਼ਟਿਕ ਹੁੰਦੀ ਹੈ। ਤਾਹੀਓਂ ਤਾਂ ਕਿਹਾ ਗਿਆ ਹੈ ਕਿ- 'ਸਹਿਜ ਪਕੇ ਸੋ ਮੀਠਾ ਹੋਇ।' 'ਸਹਜ' ਦੀ ਅਵਸਥਾ ਨੂੰ ਏਸੇ ਕਰਕੇ ਨਿਰਾਲਾ ਤੇ ਅਤੀ ਉਪਯੋਗੀ ਮੰਨਿਆਂ ਗਿਆ ਹੈ।

ਕੁਦਰਤ ਅੰਦਰ ਹੋ ਰਹੀ ਹਰ ਹਰਕਤ, ਹਰ ਤਬਦੀਲੀ ਨਿਹਾਇਤ ਸਹਿਜ ਅਵਸਥਾ ਵਿਚ ਵਾਪਰਦੀ ਹੈ- ਕਿਧਰੇ ਵੀ ਕੋਈ ਬੇਤਹਾਸ਼ਾ ਕਾਹਲ ਨਹੀਂ, ਕੋਈ ਹਫੜਾ-ਦਫੜੀ ਨਹੀਂ। ਇਕ ਨਿਸ਼ਚਿਤ ਧੀਮੀ ਪਰ ਅਰੁੱਕ, ਨਿਰੰਤਰ ਗਤੀ ਨਾਲ ਧਰਤੀ ਸੂਰਜ ਦੇ ਦੁਆਲੇ ਖੱਬਿਓਂ ਸੱਜੇ ਹਜ਼ਾਰਾਂ ਸਦੀਆਂ ਤੋਂ ਪਰਕਰਮਾ ਕਰ ਰਹੀ ਹੈ ਜਿਸ ਕਰਕੇ ਹਰ ਰੋਜ਼ ਦਿਨ ਚੜ੍ਹਦਾ ਹੈ, ਰਾਤ ਹੁੰਦੀ ਹੈ।ਦਿਨ-ਰਾਤ ਦਾ ਇਹ ਕੁਦਰਤੀ ਸਿਲਸਿਲਾ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਇਕੋ ਵੇਗ ਨਾਲ ਨਿਰੰਤਰ ਜਾਰੀ ਹੈ।ਇਸ ਸਹਿਜ ਨਿਰੰਤਰਤਾ ਦੇ ਕਾਰਨ ਹੀ ਰੁੱਤਾਂ ਬਦਲਦੀਆਂ ਹਨ- ਗਰਮੀ, ਬਰਸਾਤ, ਸਰਦੀ, ਬਰਫੀਲੀ ਰੁੱਤ, ਪੱਤਝੜ ਤੇ ਫਿਰ ਬਸੰਤ ਰੁੱਤ।ਹਰ ਰੁੱਤ ਦੀਆਂ ਫਸਲਾਂ, ਫੁੱਲ, ਫਲ ਅਲੱਗ, ਸਵਾਦ ਵੀ ਭਿੰਨ-ਭਿੰਨ, ਰਸ ਵੀ ਅਲਹਿਦਾ ਤੇ ਹਰ ਰੁੱਤ, ਹਰ ਬਨਸਪਤੀ ਤੇ ਉਪਜ ਦਾ ਅਨੰਦ ਵੀ ਅਨੋਖਾ ਹੈ। ਆਕਾਸ਼ ਅੰਦਰ ਸਾਡੇ ਸੌਰ-ਮੰਡਲ ਦੇ ਗ੍ਰਹਿ ਤੇ ਉਨ੍ਹਾਂ ਦੇ ਉੱਪ-ਗ੍ਰਹਿ, ਸਿਤਾਰੇ ਤੇ ਉਲਕਾਵਾਂ ਸਦੀਆਂ ਤੋਂ ਆਪੋ-ਆਪਣੇ ਨਿਸ਼ਚਿਤ ਰਸਤਿਆਂ ਉੱਪਰ ਕਾਦਰ ਦੁਆਰਾ ਨਿਰਧਾਰਤ ਕੀਤੀ ਗਈ ਗਤੀ ਨਾਲ ਨਿਰੰਤਰ ਚੱਕਰ ਕੱਟ ਰਹੇ ਹਨ। ਉਹ ਸਭ ਆਪਸੀ ਗੁਰਤਵ, ਆਕਰਸ਼ਣ-ਸ਼ਕਤੀ ਕਾਰਨ ਕਈ ਵਰ੍ਹਿਆਂ ਬਾਅਦ ਇਕ ਦੂਜੇ ਦੇ ਨੇੜਿਓਂ ਤਾਂ ਗੁਜ਼ਰ ਸਕਦੇ ਹਨ ਪਰੰਤੂ ਇਕ ਦੀ ਦੂਸਰੇ ਨਾਲ ਟਕਰਾਉਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੁੰਦੀ ਹੈ। ਮਨੁੱਖੀ ਨਜ਼ਰਾਂ ਤੋਂ ਲੱਖਾਂ ਮੀਲ ਦੂਰ ਹਜ਼ਾਰਾਂ ਦੀ ਗਿਣਤੀ 'ਚ ਵਿਦਮਾਨ ਗੈਲੈਕਸੀਆਂ ਵੀ ਅਜ਼ਲਾਂ ਤੋ ਆਪੋ-ਆਪਣੇ ਦਾਇਰੇ 'ਚ ਰਹਿ ਕੇ ਗਰਦਿਸ਼ ਕਰ ਰਹੀਆਂ ਹਨ ਜਿਨ੍ਹਾਂ ਵਿਚੋਂ ਅਜੇ ਤਕ ਕੁਝ ਇਕ ਨੂੰ ਹੀ ਨਾਸਾ ਵਰਗੇ ਅਦਾਰਿਆਂ ਦੇ ਵਿਗਿਆਨੀ ਇਲੈਕਟਰੌਨਿਕ ਟੈਲੀਸਪੋਕਸ ਤੇ ਡਿਜਿਟਲ ਦੂਰਬੀਨਾਂ ਨਾਲ ਦੇਖਣ, ਸਮਝਣ ਵਿਚ ਮਸਰੂਫ ਹਨ।

ਸੂਰਜ ਦੀ ਗਰਮੀ ਨਾਲ ਉੱਚੇ ਪਰਬਤਾਂ ਉੱਪਰ ਜੰਮੀਆਂ ਬਰਫਾਂ ਤੇ ਗਲੇਸ਼ੀਅਰਾਂ ਦੇ ਪਿਘਲਣ ਸਦਕਾ ਵਿਸ਼ਾਲ ਮੈਦਾਨੀ ਇਲਾਕਿਆਂ ਦੀਆਂ ਨਦੀਆਂ ਤੇ ਨਹਿਰਾਂ ਸਹਿਜ ਅਵਸਥਾ ਵਿਚ ਵਹਿੰਦੀਆਂ ਹੋਈਆਂ ਖੇਤਾਂ ਤੇ ਫਸਲਾਂ ਨੂੰ ਸਿੰਜਦੀਆਂ ਰਹਿੰਦੀਆਂ ਹਨ। ਤੇਜ਼-ਰਫਤਾਰ ਨਾਲ ਮਨੁੱਖਾਂ ਦੀ ਵਧਦੀ ਜਾ ਰਹੀ ਆਬਾਦੀ ਤੇ ਉਸਦੀ ਬੇ-ਇੰਤਹਾ ਲਾਲਸਾ ਅਤੇ ਪਦਾਰਥੀ ਭੋਗਾਂ ਦੀ ਬੇ-ਲੁਗਾਮ ਬਿਰਤੀ ਸਦਕਾ ਕੁਦਰਤੀ ਸਰੋਤਾਂ- ਜੰਗਲਾਂ, ਪਹਾੜਾਂ ਤੇ ਚੱਟਾਨਾਂ ਦੀ ਅੰਧਾ-ਧੁੰਧ ਕਟਾਈ ਕਾਰਨ ਵੀ- ਸਾਰੀ ਧਰਤੀ ਉੱਪਰ ਤੁਫਾਨਾਂ, ਹੜ੍ਹਾਂ, ਸਮੁੰਦਰੀ-ਸੁਨਾਮੀਆਂ ਤੇ ਭੁਚਾਲਾਂ ਦੁਆਰਾ ਵਾਪਰ ਰਿਹਾ 'ਅਸੰਤੁਲਨ' ਹੁਣ ਆਪਣਾ ਰੌਦਰ ਰੂਪ ਪ੍ਰਗਟ ਕਰ ਰਿਹਾ ਹੈ। ਕੁਦਰਤ ਦੀ 'ਸਹਜ ਅਵਸਥਾ' ਤੇ ਸੰਤੁਲਨ ਨਾਲ ਮਨੁੱਖਾਂ ਦੁਆਰਾ ਕੀਤੇ ਜਾ ਰਹੇ ਖਿਲਵਾੜ ਕਾਰਨ ਹੁਣ ਹਰ ਵਰ੍ਹੇ ਅਰਬਾਂ-ਖਰਬਾਂ ਦੀ ਤਾਦਾਦ ਵਿਚ ਜਾਨੀ ਤੇ ਮਾਲੀ ਨੁਕਸਾਨ ਵੀ ਹੋ ਰਿਹਾ ਹੈ। ਵਰਤਮਾਨ ਸਮੇਂ ਅੰਦਰ, ਹੱਦੋਂ ਵੱਧ ਤ੍ਰਿਸ਼ਨਾਏ ਹੋਏ ਮਨੁੱਖਾਂ ਨੇ ਆਪਣੇ ਮਨਾਂ ਦੇ 'ਸਹਜ, ਸੁਹਜ ਤੇ ਮਾਨਵੀ ਗੁਣਾਂ' ਨੂੰ ਤਿਲਾਂਜਲੀ ਦੇ ਕੇ ਆਪਣੀ ਜ਼ਿੰਦਗੀ ਦੇ ਭਵਿੱਖ ਅਤੇ ਆਉਣ ਵਾਲੀਆਂ ਮਨੁੱਖੀ ਪੀੜ੍ਹੀਆਂ ਦੇ ਭਵਿੱਖ ਨੂੰ ਵੀ ਵਿਗਾੜ ਦਿੱਤਾ ਹੈ। ਸਾਰੇ ਸੰਸਾਰ ਅੰਦਰ ਕੁਦਰਤੀ ਤਾਪਮਾਨਾਂ ਵਿਚ ਹੈਰਾਨਕੁੰਨ ਕਰਨ ਵਾਲੇ ਬਦਲਾਅ ਵਾਪਰ ਰਹੇ ਹਨ। ਵਿਗਿਆਨੀਆਂ ਅਨੁਸਾਰ, ਐਂਟਾਰਟਿਕ ਮਹਾਂਦੀਪ ਅੰਦਰ ਜਿਹੜੇ ਕੁਝ ਦਹਾਕੇ ਪਹਿਲਾਂ ਮੀਲਾਂ ਡੂੰਘੇ ਤੇ ਵਿਸ਼ਾਲ ਜੰਮੀਆਂ ਹੋਈਆਂ ਬਰਫਾਂ ਦੇ ਜ਼ਖੀਰੇ ਹੁੰਦੇ ਸਨ, ਉਹ ਹੁਣ ਲਗਾਤਾਰ ਘਟਦੇ ਜਾ ਰਹੇ ਹਨ। ਕਾਰਨ- ਧਰਤੀ ਉੱਪਰ ਬੇਤਹਾਸ਼ਾ ਵਧਦੀ ਜਾ ਰਹੀ ਖਣਿਜ-ਤੇਲ (ਪੈਟਰੋਲ-ਡੀਜ਼ਲ ਆਦਿ) ਦੀ ਭਾਰੀ ਖਪਤ ਕਾਰਨ ਧਰਤੀ ਉਪਰਲਾ ਵਧਦਾ ਜਾ ਰਿਹਾ ਤਾਪਮਾਨ ਤੇ 'ਓਜ਼ੋਨ ਲੇਅਰ' ਦੀ ਸਤਹ ਵਿਚ ਲਗਾਤਾਰ ਹੁੰਦਾ ਜਾ ਰਿਹਾ ਨਿਘਾਰ! ਪ੍ਰਤੱਖ ਹੈ ਕਿ ਮਨੁੱਖੀ ਮਨ ਆਪਣੀ ਸਹਿਜ ਅਵਸਥਾ ਤੋਂ ਲਗਾਤਾਰ ਹਿਠਾਂਹ ਲੁੜਕਦਾ ਜਾ ਰਿਹਾ ਹੈ।

ਮਨੁੱਖੀ ਮਨ ਦੀ ਇਸ ਨਿੱਘਰਦੀ ਜਾ ਰਹੀ ਦਸ਼ਾ 'ਚੋਂ ਨਿਕਲਣ ਤੇ ਆਪਣੀ ਕੁਦਰਤੀ 'ਸਹਜ' ਦੀ ਅਵਸਥਾ ਨੂੰ ਮੁੜ ਪ੍ਰਾਪਤ ਕਰਨ ਵਾਸਤੇ ਜ਼ਰੂਰੀ ਹੈ ਕਿ ਅਸੀਂ ਆਪਣੇ ਗੁਰੂਆਂ-ਭਗਤਾਂ ਦੁਆਰਾ ਰਚੀ ਗਈ ਗੁਰਬਾਣੀ ਦੇ ਪ੍ਰਕਾਸ਼ ਵਿਚ ਵਿਚਰਦੇ ਹੋਏ ਆਪਣੇ ਲੁਪਤ ਹੁੰਦੇ ਜਾ ਰਹੇ ਕੁਦਰਤੀ

ਗੁਣਾਂ ਦੇ ਵਿਰਸੇ ਨੂੰ ਸੰਭਾਲਣ ਦਾ ਪੁਰਜ਼ੋਰ ਯਤਨ ਕਰੀਏ। ਸੋ ਅਸੀਂ ਫਿਰ ਗੁਰਬਾਣੀ ਅਨੁਸਾਰ 'ਸਹਜ' ਦੇ ਆਸ਼ੇ ਵੱਲ ਪਰਤਦੇ ਹਾਂ।

'ਸਹਜ' ਦੇ ਸਬੰਧ ਵਿਚ ਗੁਰਬਾਣੀ ਅੰਦਰ ਕਿਧਰੇ ਕਿਧਰੇ ਤਾਂ ਇਸ਼ਾਰੇ-ਮਾਤਰ ਹੀ ਸ਼ਬਦ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਨੇ ਵੀ ਰਾਗੁ ਬਿਹਾਗੜਾ ਵਿਚ ਇਸ ਤੁਕ ਅੰਦਰ 'ਸਹਜ' ਸ਼ਬਦ ਵਰਤਿਆ ਹੈ-

ਸੁਖ ਸਹਜ ਅਨਦ ਬਿਨੋਦ ਸਦ ਹੀ
ਗੁਨ ਗੋਪਾਲ ਨਿਤ ਗਈਐ॥

ਪਰ ਇਕ ਥਾਂ ਤੀਸਰੇ ਗੁਰੂ ਸਾਹਿਬ ਨੇ ਇਸ ਵਿਸ਼ੇ ਉੱਪਰ ਇਕ ਦੀਰਘ ਸ਼ਬਦ ਰਾਹੀਂ 'ਸਹਜ' ਦੀ ਵਿਸ਼ਾਲ ਵਿਆਖਿਆ ਕੀਤੀ ਹੈ। ਤਿੰਨ ਤਿੰਨ ਤੁਕਾਂ ਵਾਲੇ ਦਸ ਪਦਿਆਂ ਵਿਚ ਫੈਲਿਆ ਇਹ ਸ਼ਬਦ ਸਿਰੀ ਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਹੈ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ 68 ਉੱਪਰ ਦਰਜ ਹੈ। ਹੁਣ ਅਸੀਂ ਇਸ ਸ਼ਬਦ ਦੇ ਪਹਿਲੇ ਪੰਜ ਪਦਿਆਂ ਦੀ ਹਰੇਕ ਤੁਕ ਨੂੰ ਵਿਚਾਰਨ ਦੀ ਭਰਪੂਰ ਕੋਸ਼ਿਸ਼ ਕਰਾਂਗੇ। ਇਸ ਸ਼ਬਦ ਦੇ ਪਹਿਲੇ ਪੰਜ ਪਦੇ ਇਸ ਪ੍ਰਕਾਰ ਦਰਜ ਕੀਤੇ ਹੋਏ ਮਿਲਦੇ ਹਨ:-

ਸਹਜੈ ਨੋ ਸਭ ਲੋਚਦੀ
ਬਿਨੁ ਗੁਰ ਪਾਇਆ ਨ ਜਾਇ॥
ਪੜਿ ਪੜਿ ਪੰਡਿਤ ਜੋਤਕੀ
ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ
ਆਪਣੀ ਕਿਰਪਾ ਕਰੇ ਰਜਾਇ॥1॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥
ਸਬਦੈ ਹੀ ਤੇ ਸਹਜੁ ਊਪਜੈ
ਹਰਿ ਪਾਇਆ ਸਚੁ ਸੋਇ॥1॥ ਰਹਾਉ॥
ਸਹਜੇ ਗਾਵਿਆ ਥਾਇ ਪਵੈ
ਬਿਨੁ ਸਹਜੈ ਕਥਨੀ ਬਾਦਿ॥
ਸਹਜੇ ਹੀ ਭਗਤਿ ਊਪਜੈ
ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ
ਬਿਨੁ ਸਹਜੈ ਜੀਵਣੁ ਬਾਦਿ॥2॥
ਸਹਜਿ ਸਾਲਾਹੀ ਸਦਾ ਸਦਾ
ਸਹਜਿ ਸਮਾਧਿ ਲਗਾਇ॥
ਸਹਜੇ ਹੀ ਗੁਣ ਊਚਰੈ
ਭਗਤਿ ਕਰੇ ਲਿਵ ਲਾਇ॥
ਸਬਦੇ ਹੀ ਹਰਿ ਮਨਿ ਵਸੈ
ਰਸਨਾ ਹਰਿ ਰਸੁ ਖਾਇ॥3॥
ਸਹਜੇ ਕਾਲੁ ਵਿਡਾਰਿਆ
ਸਚ ਸਰਣਾਈ ਪਾਇ॥
ਸਹਜੇ ਹਰਿ ਨਾਮੁ ਮਨਿ ਵਸਿਆ
ਸਚੀ ਕਾਰ ਕਮਾਇ॥
ਸੇ ਵਡਭਾਗੀ ਜਿਨੀ ਪਾਇਆ
ਸਹਜੇ ਰਹੇ ਸਮਾਇ॥4॥
ਮਾਇਆ ਵਿਚਿ ਸਹਜੁ ਨ ਊਪਜੈ
ਮਾਇਆ ਦੂਜੈ ਭਾਇ॥
ਮਨਮੁਖ ਕਰਮ ਕਮਾਵਣੇ
ਹਉਮੈ ਜਲੈ ਜਲਾਇ॥
ਜੰਮਣੁ ਮਰਣੁ ਨ ਚੂਕਈ
ਫਿਰਿ ਫਿਰਿ ਆਵੈ ਜਾਇ॥5॥

ਉਪਰੋਕਤ ਸ਼ਬਦ ਦੇ ਪਹਿਲੇ ਪਦੇ ਵਿਚ ਤੀਸਰੇ ਪਾਤਸ਼ਾਹ ਫਰਮਾਉਂਦੇ ਹਨ ਕਿ- ਸਹਜ ਦੀ ਅਵਸਥਾ ਨੂੰ ਹਰ ਮਨੁੱਖ ਲੋਚਦਾ ਹੈ ਪਰ ਇਹ ਸਹਜ, ਗੁਰੂ ਤੋਂ ਬਿਨਾਂ ਹੋਰ ਕਿਸੇ ਪਾਸੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ। ਪੰਡਿਤ ਤੇ ਜੋਤਸ਼ੀ ਪੜ੍ਹ ਪੜ੍ਹ ਕੇ ਥੱਕ ਗਏ ਪਰ ਉਹ ਭੇਖੀ ਲੋਕ ਭਰਮਾਂ ਵਿਚ ਹੀ ਭੁੱਲੇ ਰਹੇ। ਗੁਰੂ ਨਾਲ ਜਦ ਮਿਲਾਪ ਹੋ ਜਾਏ ਤਦ ਉਹ, ਆਪਣੀ ਰਜ਼ਾ ਅਨੁਸਾਰ, ਸਾਨੂੰ 'ਸਹਜ' ਵਾਲੀ ਅਵਸਥਾ ਪ੍ਰਦਾਨ ਕਰਨ ਦੀ ਵੀ ਕਿਰਪਾ ਕਰ ਦੇਂਦਾ ਹੈ। ਹੇ ਭਰਾਵੋ! ਇਹ ਸੱਚ ਹੈ ਕਿ ਗੁਰੂ ਤੋਂ ਬਿਨਾ ਹੋਰ ਕਿਸੇ ਪਾਸੋਂ ਵੀ 'ਸਹਜ' ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਜੋ ਸਾਨੂੰ 'ਨਾਮੁ' ਰੂਪੀ ਸਬਦ ਦੇਂਦਾ ਹੈ, ਉਸੇ ਨਾਮੁ ਦੀ ਨੇਮ ਸਹਿਤ ਕਮਾਈ ਕਰਨ ਨਾਲ ਸਾਡੇ ਤਨ-ਮਨ ਅੰਦਰ 'ਸਹਜ' ਦੀ ਅਵਸਥਾ ਉਪਜਦੀ ਹੈ ਤੇ ਸੱਚੇ ਹਰੀ-ਪ੍ਰਭੂ ਦੀ ਵੀ ਪ੍ਰਾਪਤੀ ਹੋ ਜਾਂਦੀ ਹੈ।

ਦੂਜੇ ਪਦੇ ਵਿਚ ਗੁਰੂ ਅਮਰਦਾਸ ਜੀ ਸਾਨੂੰ ਸਮਝਾਉਂਦੇ ਹਨ ਕਿ- ਕੇਵਲ 'ਸਹਜ' ਅਵਸਥਾ ਵਿਚ ਕੀਤਾ ਹੋਇਆ ਪ੍ਰਭੂ ਦਾ ਗੁਣ-ਗਾਇਨ ਤੇ ਜਪਿਆ ਹੋਇਆ 'ਨਾਮੁ' ਫਲੀਭੂਤ ਅਥਵਾ ਸਫਲ ਹੁੰਦਾ ਹੈ। ਸਹਜ ਅਵਸਥਾ ਅਖਤਿਆਰ ਕੀਤੇ ਬਿਨ ਸਭ ਕੀਤਾ-ਕਹਿਆ ਵਿਅਰਥ ਹੋ ਜਾਂਦਾ ਹੈ। ਪਰਮਾਤਮਾ ਦੀ ਭਗਤੀ ਵੀ ਸਾਡੇ ਤਨ-ਮਨ ਦੀ ਸਹਜ ਅਵਸਥਾ ਅੰਦਰ ਹੀ ਉਪਜਦੀ-ਵਿਗਸਦੀ ਹੈ ਤੇ ਪ੍ਰਭੂ ਪ੍ਰਤੀ ਪਿਆਰ ਤੇ ਵੈਰਾਗ ਵੀ ਸਾਡੀ ਸਹਜ ਅਵਸਥਾ ਵਿਚ ਹੀ ਪਨਪਦਾ ਤੇ ਪ੍ਰਪੱਕ ਹੁੰਦਾ ਹੈ। ਸਹਜ ਅਵਸਥਾ ਵਿਚ

ਰਹਿੰਦਿਆਂ ਹੋਇਆਂ ਹੀ ਸੁਖ-ਸ਼ਾਂਤੀ ਮਿਲਦੀ ਹੈ, ਵਰਨਾ ਜ਼ਿੰਦਗੀ ਵਿਅਰਥ ਤੇ ਫਜ਼ੂਲ ਹੀ ਬਤੀਤ ਹੋ ਜਾਂਦੀ ਹੈ। ਤੀਸਰੇ ਪਦੇ ਵਿਚ ਸੱਚੇ ਪਾਤਸ਼ਾਹ ਸਾਨੂੰ ਸਮਝਾਉਂਦੇ ਹਨ ਕਿ- ਸਦਾ 'ਸਹਜ ਅਵਸਥਾ' ਵਿਚ ਸਮਾਧੀ/ਧਿਆਨ ਲਗਾ ਕੇ ਹੀ ਸਾਨੂੰ ਪ੍ਰਮਾਤਮਾ ਦੀ ਸਿਫਤ-ਸਲਾਹ ਕਰਨੀ ਚਾਹੀਦੀ ਹੈ, ਪ੍ਰਭੂ ਦੇ ਗੁਣ-ਗਾਇਨ ਕਰਨੇ ਤੇ ਆਪਣੀ ਲਿਵ ਲਾ ਕੇ ਹੀ ਉਸ ਸੱਚੇ ਪ੍ਰਭੂ ਦੀ ਭਗਤੀ ਕਰਨੀ ਚਾਹੀਦੀ ਹੈ। ਆਪਣੀ ਰਸਨਾ ਨਾਲ ਹਰੀ ਦੇ ਅੰਮ੍ਰਿਤ-ਰੂਪ 'ਨਾਮੁ' ਦਾ ਰਸ ਸੇਵਨ ਕਰਕੇ (ਭਾਵ- ਸੱਚੀ ਪ੍ਰੀਤ ਸਹਿਤ 'ਨਾਮੁ' ਜੱਪ ਕੇ) ਹੀ ਉਹ ਹਰੀ ਸਾਡੇ ਮਨ ਅੰਦਰ ਵੱਸ ਸਕਦਾ ਹੈ।

ਚੌਥੇ ਪਦੇ ਵਿਚ ਗੁਰੂ ਜੀ ਸਾਨੂੰ ਸਮਝਾਉਂਦੇ ਹਨ ਕਿ- 'ਸਹਜ' ਅਵਸਥਾ 'ਚ ਵਿਚਰ ਕੇ ਹੀ ਅਸੀਂ 'ਕਾਲ' ਅਥਵਾ ਮੌਤ ਦੇ ਭੈਅ ਨੂੰ ਪਰ੍ਹੇ-ਦੂਰ ਭਜਾ ਸਕਦੇ ਹਾਂ (ਭਾਵ- ਮੌਤ ਦੇ ਡਰ ਤੋਂ ਮੁਕਤ ਹੋ ਸਕਦੇ ਹਾਂ) ਤੇ ਅਵਿਨਾਸ਼ੀ 'ਸੱਚ' ਦੀ ਸ਼ਰਣ ਪ੍ਰਾਪਤ ਕਰ ਸਕਦੇ ਹਾਂ। ਪ੍ਰਭੂ-ਨਾਮੁ ਦੀ ਸੱਚੀ ਕਿਰਤ-ਕਮਾਈ ਕਰਕੇ ਹਰੀ ਦਾ ਨਾਮੁ ਸਹਿਜੇ ਹੀ ਸਾਡੇ ਹਿਰਦੇ ਅੰਦਰ ਵੱਸ ਜਾਂਦਾ ਹੈ। ਆਪਣੀ ਸਹਿਜ ਅਵਸਥਾ ਰਾਹੀਂ ਸਹਿਜ-ਰੂਪ ਹਰੀ-ਪ੍ਰਭੂ ਅੰਦਰ ਸਮਾ ਕੇ ਸੱਚੇ ਮਾਲਿਕ ਨੂੰ ਪ੍ਰਾਪਤ ਕਰ ਲੈਣ ਵਾਲੇ ਮਨੁੱਖ ਵਡਿਆਂ ਭਾਗਾਂ ਵਾਲੇ, ਅਰਥਾਤ 'ਖੁਸ਼-ਕਿਸਮਤ' ਹੁੰਦੇ ਹਨ।

ਪੰਜਵੇਂ ਪਦੇ ਰਾਹੀਂ ਗੁਰੂ ਸਾਹਿਬ ਸਾਨੂੰ ਸਮਝਾਉਂਦੇ ਹਨ ਕਿ- ਮਾਇਆ (ਜੋ ਪ੍ਰਭੂ ਦੀ ਪਰਛਾਈਂ ਹੀ ਹੈ) ਵਿਚ ਖਚਤ ਹੋਣ ਨਾਲ ਸਾਨੂੰ ਸਹਜ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ ਕਿਉਂਕਿ ਮਾਇਆ 'ਅਸਲੀਅਤ' ਅਥਵਾ 'ਸੱਚ' ਨਹੀਂ ਹੈ। ਮਨਮੁਖ ਮਨੁੱਖ ਮਾੜੇ ਤੇ ਝੂਠੇ ਕਰਮ ਕਮਾਉਂਦੇ ਹਨ ਅਤੇ ਆਪਣੀ ਹਉਮੈਂ ਅੰਦਰ ਆਪ ਵੀ ਸੜਦੇ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਸਾੜਦੇ ਰਹਿੰਦੇ ਹਨ। ਇਸ ਕਾਰਨ ਮਨਮੁੱਖਾਂ ਦਾ ਜਨਮ-ਮਰਨ ਕਦੇ ਵੀ ਨਹੀਂ ਮੁੱਕਦਾ ਤੇ ਉਹ ਸੰਸਾਰ ਅੰਦਰ ਕਈ ਕਈ ਜੂਨਾਂ ਵਿਚ ਭਟਕਦੇ ਰਹਿੰਦੇ ਹਨ। ਵਿਚਾਰ-ਅਧੀਨ ਸ਼ਬਦ ਦੇ ਅਗਲੇ ਤੇ ਆਖਰੀ ਪੰਜ ਪਦਿਆਂ ਦੀ ਇਬਾਰਤ ਇਹ ਹੈ:-

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ
ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ
ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ
ਗੁਰਮੁਖਿ ਪਲੈ ਪਾਇ॥6॥
ਨਿਰਗੁਣ ਨਾਮੁ ਨਿਧਾਨੁ ਹੈ
ਸਹਜੇ ਸੋਝੀ ਹੋਇ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥
ਭੁਲਿਆ ਸਹਜਿ ਮਿਲਾਇਸੀ
ਸਬਦਿ ਮਿਲਾਵਾ ਹੋਇ॥7॥
ਬਿਨੁ ਸਹਜੈ ਸਭੁ ਅੰਧੁ ਹੈ
ਮਾਇਆ ਮੋਹੁ ਗੁਬਾਰੁ॥
ਸਹਜੇ ਹੀ ਸੋਝੀ ਪਈ
ਸਚੈ ਸਬਦਿ ਅਪਾਰਿ॥
ਆਪੇ ਬਖਸਿ ਮਿਲਾਇਨੁ
ਪੂਰੇ ਗੁਰ ਕਰਤਾਰਿ॥8॥
ਸਹਜੇ ਅਦਿਸਟੁ ਪਛਾਣੀਐ
ਨਿਰਭਉ ਜੋਤਿ ਨਿਰੰਕਾਰੁ॥
ਸਭਨਾ ਜੀਆ ਕਾ ਇਕੁ ਦਾਤਾ
ਜੋਤੀ ਜੋਤਿ ਮਿਲਾਵਣਹਾਰੁ॥
ਪੂਰੈ ਸਬਦਿ ਸਲਾਹੀਐ
ਜਿਸ ਦਾ ਅੰਤੁ ਨ ਪਾਰਾਵਾਰੁ॥9॥
ਗਿਆਨੀਆ ਕਾ ਧਨੁ ਨਾਮੁ ਹੈ
ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ
ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥10॥

ਛੇਵੇਂ ਪਦੇ ਵਿਚ ਸਤਿਗੁਰ ਅਮਰਦਾਸ ਜੀ ਖੁਲਾਸਾ ਕਰਦੇ ਹਨ ਕਿ- 'ਸਹਜ' ਅਸਲ ਵਿਚ ਹੈ ਕੀ। ਗੁਰਬਾਣੀ ਅਨੁਸਾਰ, ਦੇਵੀ-ਦੇਵਤਿਆਂ ਸਮੇਤ ਮਨਮੁਖ ਲੋਗ ਇਹਨਾਂ ਤਿੰਨ ਗੁਣਾਂ- ਰਜੋ ਗੁਣ, ਤਮੋ ਗੁਣ, ਸਤੋ ਗੁਣ- ਦੀ ਗ੍ਰਿਫਤ ਵਿਚ ਬੱਝੇ ਪਏ ਹਨ। ਕੇਵਲ ਤੇ ਕੇਵਲ ਕੁਝ ਵਿਰਲੇ ਮਨੁੱਖ ਹੀ 'ਗੁਰਮੁਖ' ਹੁੰਦੇ ਹਨ ਜਿਹੜੇ ਆਪਣੇ ਜੀਵਨ ਅੰਦਰ ਇਨ੍ਹਾਂ ਤਿੰਨ ਗੁਣਾਂ ਦੀ ਕੈਦ 'ਚੋਂ ਬਾਹਰ ਨਿਕਲ ਕੇ ਚੌਥੇ ਗੁਣ- 'ਤੁਰੀਆ ਪਦ'- ਅੰਦਰ ਵਿਚਰਦੇ ਹੋਏ ਬ੍ਰਹਮਲੀਨ ਹੋ ਜਾਂਦੇ ਹਨ। ਭਾਵ ਕਿ 'ਗੁਰਮੁਖ' ਪੁਰਸ਼ ਪਰਮ-ਪਿਤਾ ਪਾਰਬ੍ਰਹਮ ਸੰਗ ਇਕ-ਮਿਕ ਹੋ ਜਾਂਦੇ ਹਨ; ਹਰੀ ਵਾਲੇ ਗੁਣ ਅਖਤਿਆਰ ਕਰ ਕੇ ਆਪ ਵੀ ਹਰੀ ਦਾ ਹੀ ਰੂਪ ਹੋ ਜਾਂਦੇ ਹਨ। ਪ੍ਰਭੂ ਤੇ ਪ੍ਰਭੂ-ਭਗਤਾਂ ਵਿਚ ਕੋਈ ਭੇਦ-ਫਰਕ ਨਹੀਂ ਰਹਿ ਜਾਂਦਾ। ਕੋਈ ਪਛਾਣ ਹੀ ਨਹੀਂ ਸਕਦਾ ਕਿ 'ਰਾਮ' ਕੌਣ ਹੈ ਤੇ ਰਾਮ-ਭਗਤ 'ਕਬੀਰ' ਕੌਣ ਹੈ।

ਵਿਚਾਰ-ਅਧੀਨ ਸ਼ਬਦ ਦੇ ਛੇਵੇਂ ਪਦ ਵਿਚ

ਸਤਿਗੁਰੂ ਜੀ ਦਸਦੇ ਹਨ ਕਿ- 'ਤ੍ਰੈਗੁਣੀ' ਮਨੁੱਖ ਮਨਮੁੱਖਾਂ ਵਾਂਗ ਭਰਮ-ਭੁਲੇਖਿਆਂ ਵਿਚ ਭਟਕਦੇ ਫਿਰਦੇ ਹਨ ਤੇ 'ਸਹਜ' ਦੀ ਅਵਸਥਾ ਨੂੰ ਕਦੇ ਵੀ ਪ੍ਰਾਪਤ ਨਹੀਂ ਕਰ ਪਾਉਂਦੇ। ਕਿਉਂਕਿ ਉਹ ਮੁਢੋਂ ਹੀ ਭੁੱਲੇ ਹੋਏ ਮਨੁੱਖ ਹਨ, ਉਨ੍ਹਾਂ ਦੀ ਵਿਦਵਤਾ ਤੇ ਗੁਣ ਬਿਲਕੁਲ ਵਿਅਰਥ ਜਾਂਦੇ ਹਨ। 'ਸਹਜ' ਅਵਸਥਾ ਦਾ ਗੁਣ ਕੇਵਲ ਗੁਰਮੁਖਾਂ ਪਾਸ ਹੀ ਹੁੰਦਾ ਹੈ ਕਿਉਂਕਿ ਉਹ ਕੇਵਲ 'ਤੁਰੀਆ ਪਦ' ਨੂੰ ਹੀ ਧਾਰਣ ਕਰਕੇ ਜੀਵਨ-ਯਾਪਨ ਕਰਦੇ ਹਨ।

ਸਤਵੇਂ ਪਦੇ ਵਿਚ ਇਹ ਸੱਚ ਵਿਅਕਤ ਕੀਤਾ ਗਿਆ ਹੈ ਕਿ- ਸਹਜ ਅਵਸਥਾ ਵਿਚ ਵਿਚਰਣ ਵਾਲੇ ਗੁਰਮੁਖਾਂ ਨੂੰ ਹੀ ਸੋਝੀ ਹੁੰਦੀ ਹੈ ਕਿ ਨਿਰਗੁਣ ਪ੍ਰਭੂ ਦਾ ਅਸਲੀ ਖਜ਼ਾਨਾ ਪ੍ਰਭੂ ਦਾ 'ਨਾਮੁ' ਹੀ ਹੈ। ਇਹ 'ਗੁਣਵੰਤੇ' ਗੁਰਮੁਖ ਸੱਚੇ ਪ੍ਰਭੂ ਦੀ 'ਸੋਅ' ਨੂੰ ਹੀ ਸਲਾਹੁੰਦੇ ਹਨ। ਭੁੱਲੇ-ਭਟਕੇ ਹੋਏ ਮਨੁੱਖ ਵੀ 'ਸਹਜ' ਅਵਸਥਾ ਨੂੰ ਪ੍ਰਾਪਤ ਕਰ ਸਕਦੇ ਹਨ ਜੇਕਰ ਉਨ੍ਹਾਂ ਨੂੰ ਵੀ ਪ੍ਰਭੂ ਦੇ ਨਾਮੁ ਰੂਪੀ ਸਬਦ ਦੀ ਪ੍ਰਾਪਤੀ ਹੋ ਜਾਵੇ (ਜੋ ਕਿ ਸੱਚੇ ਸਤਿਗੁਰੂ ਕੋਲੋਂ ਹੀ ਮਿਲ ਸਕਦਾ ਹੈ)।

ਅਠਵੇਂ ਪਦੇ ਰਾਹੀਂ ਸਤਿਗੁਰੂ ਜੀ ਜਗਿਆਸੂ ਨੂੰ ਸਮਝਾਉਂਦੇ ਹਨ ਕਿ- ਸਹਜ ਬਿਨਾ ਅਗਿਆਨ ਰੂਪੀ ਹਨੇਰਾ ਹੀ ਹੈ ਕਿਉਂਕਿ ਇਹ ਮਾਇਆ ਦੇ ਮੋਹ ਦਾ ਗੁਬਾਰ ਹੀ ਹੁੰਦਾ ਹੈ। ਸਹਜ ਦੁਆਰਾ ਹੀ ਇਹ ਸੋਝੀ ਪ੍ਰਾਪਤ ਹੁੰਦੀ ਹੈ ਕਿ 'ਸੱਚੇ ਮਾਲਿਕ' ਹਰੀ-ਪ੍ਰਭੂ ਦਾ ਨਾਮੁ ਹੀ ਅਪਾਰ ਹੈ। ਨਿਰਗੁਣ ਕਰਤਾਰ ਦਾ ਸਰਗੁਣ ਸਰੂਪ 'ਸਤਿਗੁਰੂ' ਹੀ ਬਖਸ਼ਿਸ਼ ਕਰਕੇ ਆਪਣੇ ਪਿਆਰਿਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਨੌਵੇਂ ਪਦੇ ਵਿਚ ਤੀਸਰੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ- 'ਸਹਜ ਅਵਸਥਾ' ਅਥਵਾ 'ਤੁਰੀਆ ਪਦ' ਵਿਚ ਰਹਿ ਕੇ ਹੀ ਅਦ੍ਰਿਸ਼ਟ ਨਿਰੰਕਾਰ ਦੀ ਨਿਰਭਉ ਜੋਤਿ ਨੂੰ ਪਛਾਣਿਆ ਜਾ ਸਕਦਾ ਹੈ। ਸਭਨਾਂ ਜੀਆਂ ਨੂੰ ਦੇਣ ਵਾਲਾ 'ਦਾਤਾ' ਇਕੋ ਹੈ ਤੇ ਕੇਵਲ ਉਹ ਹੀ ਸਭ ਆਤਮਾਵਾਂ ਨੂੰ ਆਪਣੀ ਪਰਮ-ਆਤਮਾ ਵਿਚ ਮਿਲਾ ਲੈਣ ਵਾਲਾ ਹੈ। ਜਿਸ ਪ੍ਰਭੂ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਉਸਨੂੰ ਉਹਦਾ ਨਾਮੁ-ਬਾਣੀ ਜੱਪ, ਮੰਨ ਕੇ ਹੀ ਉਸਦੀ ਸਿਫਤ-ਸਲਾਹ ਕੀਤੀ ਜਾ ਸਕਦੀ ਹੈ।

ਇਸ ਸ਼ਬਦ ਦੇ ਦਸਵੇਂ ਤੇ ਅੰਤਿਮ ਪਦੇ ਵਿਚ ਇਹ ਸੱਚ ਬਿਆਨ ਕੀਤਾ ਗਿਆ ਹੈ ਕਿ- ਗਿਆਨੀ ਪੁਰਖਾਂ ਦਾ ਧਨ ਹਰੀ ਦਾ 'ਨਾਮੁ' ਹੈ ਅਤੇ ਗਿਆਨੀ ਵਿਅਕਤੀ 'ਸਹਜ' ਦਾ ਹੀ ਵਿਉਪਾਰ ਕਰਦੇ ਹਨ। ਅਜਿਹੇ ਵਿਅਕਤੀ ਹਰ ਦਿਨ ਹਰੀ ਦੇ ਨਾਮੁ ਦਾ ਹੀ ਲਾਹਾ-ਲਾਭ ਖੱਟਦੇ ਹਨ ਅਤੇ ਉਨ੍ਹਾਂ ਦੇ ਭੰਡਾਰ ਸਦਾ ਹੀ ਭਰਪੂਰ ਰਹਿੰਦੇ ਹਨ। ਗੁਰੂ ਨਾਨਕ ਦੀ ਤੀਸਰੀ ਜੋਤਿ ਗੁਰੂ ਅਮਰਦਾਸ ਜੀ ਦਾ ਵਚਨ ਹੈ ਕਿ ਅਜਿਹੇ ਗਿਆਨੀ ਵਿਅਕਤੀਆਂ ਨੂੰ ਕਦੇ ਕੋਈ ਤੋਟ ਨਹੀਂ ਆਉਂਦੀ ਕਿਉਂਕਿ ਉਨ੍ਹਾਂ ਦਾ ਦੇਵਣਹਾਰ ਦਾਤਾ ਸਰਬ-ਸਮਰੱਥ ਪ੍ਰਭੂ ਆਪ ਖੁਦ ਹੀ ਹੈ। ਉਪਰੋਕਤ ਸ਼ਬਦ ਤੇ ਵਿਆਖਿਆ ਅਨੁਸਾਰ ਸਾਨੂੰ ਮੰਨਣਾ ਹੀ ਪਵੇਗਾ ਕਿ 'ਸਹਜ' ਦੀ ਕਥਾ 'ਅਕੱਥ' ਵੀ ਹੈ ਤੇ 'ਨਿਰਾਲੀ' ਵੀ।

.......................................................

### ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼


2. ਸੰਤ ਕਾਲਾ ਸਿੰਘ ਨੰਗਲ ਵਾਲੇ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, (ਸ. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ) 2014 ਈ. ਸ੍ਰੀ ਭੈਣੀ ਸਾਹਿਬ, ਸਫ਼ਾ 67-68 ਕਾਲਾ ਸਿੰਘ ਅਤੇ ਉਸਦਾ ਪਿਤਾ ਸੰਬਤ 1942 ਮੁਤਾਬਿਕ 1885 ਈ. ਵਿੱਚ ਕੂਕੇ ਬਣੇ। ਕਾਲਾ ਸਿੰਘ ਦਾ ਪਿਤਾ ਰਾਮ ਸਿੰਘ ਸੰਬਤ 1944 ਮੁਤਾਬਿਕ 1887 ਈ. ਵਿੱਚ ਹੁਕਮ ਸੱਤ ਹੋ ਗਿਆ ਸੀ।

3. ਮਹੰਤ ਆਤਮਾ ਸਿੰਘ ਸਨਖੱਤਰਾ, ਸੰਪਾਦਕ "ਚਾਰ ਇਤਿਹਾਸਿਕ ਬਾਰਾਂ ਮਾਂਹ" ਸਫ਼ਾ 8, ਇਹਨਾਂ ਵਿੱਚ ਇਕ ਬਾਰਾਂ ਮਾਂਹ ਗਿਆਨੀ ਕਾਲਾ ਸਿੰਘ ਕ੍ਰਿਤ ਵੀ ਸ਼ਾਮਲ ਹੈ, ਜਿਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਅਤੇ ਉਹਨਾਂ ਦੇ ਸਮੇਂ ਦੇ ਹੋਰ ਹਾਲਾਤ ਕਾਨੀ ਬੱਧ ਹਨ।

4. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸਫਾ 24-25

5. ਉਪਰੋਕਤ, ਸਫਾ 27-28

6. ਉਪਰੋਕਤ, ਸਫਾ 29

7. ਸਿਰਦਾਰ ਕਪੂਰ ਸਿੰਘ ਆਈ.ਸੀ.ਐਸ., ਸਪਤ ਸ੍ਰਿੰਗ, ਪਹਿਲੀ ਛਾਪ ਸਫਾ 15

8. ਨਾਹਰ ਸਿੰਘ ਐਮ.ਏ., ਨਾਮਧਾਰੀ ਇਤਿਹਾਸ, ਛਾਪ ਦੂਜੀ, 2014, ਆਰਸੀ ਪਬਲਿਸ਼ਰਜ ਦਿੱਲੀ, ਸਫਾ 69

9. ਸੰਤ ਕਾਲਾ ਸਿੰਘ, ਪੰਥ ਪ੍ਰਕਾਸ਼ (ਸਿੰਘਾਂ ਨਾਮਧਾਰੀਆਂ ਦਾ), ਸਫਾ 29-30

10. ਸਿਰਦਾਰ ਕਪੂਰ ਸਿੰਘ, ਸਪਤ ਸ੍ਰਿੰਗ, ਸਫਾ 10

11. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸਫਾ 38-39

12. ਉਪਰੋਕਤ, ਸਫਾ 65-67

13. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੇਠ ਜਸਵਿੰਦਰ ਸਿੰਘ) ਛਾਪ ਪਹਿਲੀ, ਸ੍ਰੀ ਭੈਣੀ ਸਾਹਿਬ, ਸਫਾ 506-507

14. ਪੰਥ ਪ੍ਰਕਾਸ਼, ਉਪਰੋਕਤ ਸਫਾ 74-75


.......................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਡਾਕਟਰ ਭੁਪਿੰਦਰ ਸਿੰਘ ਖੇਤੀ ਮਾਹਰ ਸਨ ਪਰ ਸਤਿਗੁਰੂ ਜੀ ਨੇ ਜਾਣਕਾਰੀ ਰੱਖੀ ਹੋਈ ਸੀ ਅਤੇ ਉਹਨਾਂ ਨੇ ਬੀੜ ਦੇ ਕਿਸਾਨਾਂ ਅਤੇ ਜੀਵਨ ਨਗਰ ਦੇ ਇਲਾਕੇ ਦੇ ਕਿਸਾਨਾਂ ਨੂੰ ਬੁਲਾ ਕੇ ਝਾੜ ਦਾ ਪਤਾ ਕੀਤਾ। ਜੀਵਨ ਨਗਰ ਵਿੱਚ ਝਾੜ ਹਰ ਪ੍ਰਕਾਰ ਦੀ ਕਿਸਮ ਦਾ ਬਹੁਤਾ ਸੀ। ਸਤਿਗੁਰੂ ਜੀ ਨੇ ਡਾਕਟਰ ਸਾਹਿਬ ਨੂੰ ਜੀਵਨ ਨਗਰ ਇਲਾਕੇ ਦੀ ਧਰਤੀ ਦੀ ਗੁਣਵਤਾ ਪਰਗਟ ਕਰਨ ਲਈ ਸੰਤ ਨਾਜਰ ਸਿੰਘ ਨੂੰ ਭੇਜ ਉਸ ਖੇਤਰ ਵਿੱਚ ਉੱਗੇ ਅੰਗੂਰਾਂ ਦੇ ਪੱਤੇ ਦਿਖਾਏ। ਵੱਡੇ-ਵੱਡੇ ਸਫੈਦ ਕਾਗਜਾਂ ਵਿੱਚ 5-7 ਸਾਗਵਾਨ ਦੇ ਬੂਟੇ ਦੇ ਪੱਤਿਆਂ ਜਿੰਨੇ ਲੰਮੇ ਚੌੜੇ ਸਨ। ਅੰਗੂਰਾਂ ਦੀ ਖੇਤੀ ਤੋਂ 15 ਤੋਂ 35000 ਸਾਲਾਨਾ ਉਪਜ ਹਾਸਲ ਕਰਨ ਵਾਲਿਆਂ ਦੀ ਗੱਲ ਛਿੜਦਿਆਂ ਸਤਿਗੁਰੂ ਜੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਅੱਜਕਲ ਫੈਕਟਰੀ ਮਾਲਕ ਅਤੇ ਵੱਡ ਕਾਰੋਬਾਰੀ ਖੇਤੀ ਦੇ ਦੋ ਏਕੜ ਪੈਦਾ ਕਰ, ਅੰਗੂਰ ਲਾ, ਘੱਟ ਪੈਦਾ ਕਰ ਕੇ ਵੱਧ ਬਲੈਕ ਮਨੀ ਨੂੰ ਅੰਗੂਰ ਉਪਜ ਦੱਸ ਹਰ ਸਾਲ 60-70 ਹਜਾਰ ਰੁਪਏ ਵਾਈਟ ਕਰਦੇ ਹਨ।

ਡਾ. ਭੁਪਿੰਦਰ ਸਿੰਘ ਜੀ ਨੇ ਜੀਵਨ ਨਗਰ ਇਲਾਕਾ ਵੇਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਆਪ ਜੀ ਨੇ ਬਚਨ ਕੀਤਾ- ਮੈਂ ਮਹੀਨਾ ਭਰ ਅਗਲੇ ਸਮੇਂ ਵਿੱਚ, ਜੀਵਨ ਨਗਰ ਰਹਿਣਾ ਹੈ ਫੇਰ ਤਹਾਨੂੰ ਬੁਲਾਵਾਂਗਾ। ਡਾਕਟਰ ਦੀ ਪਤਨੀ ਵੀ ਪ੍ਰੋਫ਼ੈਸਰ ਹੈ ਇਸਨੂੰ ਤੇ ਦਲੀਪ ਸਿੰਘ ਹੁਰਾਂ ਨੂੰ ਵੀ ਸੱਦ ਮਿਲ ਲਿਆ। ਡਾਕਟਰ ਸਾਹਿਬ ਦਾ ਵਿਚਾਰ ਸੀ ਕਿ ਸਤਿਗੁਰੂ ਜੀ ਧਾਨਾਂ ਦੀ ਨਵੀਂ ਕਿਸਮ ਥੋਕ ਰੂਪ ਵਿੱਚ ਬਿਜਵਾ ਕੇ ਯੂਨੀਵਰਸਿਟੀ ਨੂੰ ਬੀਜ ਸਪਲਾਈ ਕਰਨ ਪਰ ਇਹ ਗੱਲ ਬਾਕੀ ਗੱਲਾਂ ਵਿੱਚ ਮੌਨ ਹੋ ਕੇ ਰਹਿ ਗਈ। ਸਤਿਗੁਰੂ ਜੀ ਨੇ ਮੈਨੂੰ ਦੱਸਿਆ ਕਿ ਸ੍ਰੀ ਰਾਮ ਸਰੂਪ ਬੰਸਲ ਸਾਬਕਾ ਸਰਪੰਚ ਰਾਣੀਆਂ ਵਿਖੇ ਪੂਰਾ ਹੋ ਗਿਆ ਹੈ। ਮੇਰੀ ਮਿੱਤਰਤਾ ਦੇ ਕਾਰਨ ਅਤੇ ਸਤਿਗੁਰੂ ਜੀ ਪਾਸੋਂ ਸਹਾਇਤਾ ਪ੍ਰਾਪਤੀ ਵਿੱਚ ਸਹਾਇਤਾ ਹੋਣ ਕਰਕੇ ਸਤਿਗੁਰੂ ਜੀ ਨੇ ਮੈਨੂੰ ਇਹ ਖਬਰ ਦਿੱਤੀ ਕਿ ਸ੍ਰੀ ਰਾਮ ਸਰੂਪ ਜੀ ਨੇ 70000 ਸਤਿਗੁਰੂ ਜੀ ਤੋਂ ਉਧਾਰਾ ਲੈ ਕੇ ਇਹ ਇੱਛਾ ਪ੍ਰਗਟ ਕੀਤੀ ਸੀ ਕਿ ਉਹ ਸੇਠ ਤਰਲੋਕ ਸਿੰਘ ਦੇ ਵਾਂਗ ਸੇਵਾ ਕਰਨ ਦੇ ਕਾਬਲ ਹੋ ਸਕਣਗੇ। ਪਰ ਦੁਰਭਾਗ ਦੇਖੋ ਪਹਿਲਾ ਪਤਨੀ ਵਿਛੋੜਾ ਦੇ ਗਈ, ਤਿੰਨ ਲੜਕੀਆਂ ਤੇ ਇੱਕ ਲੜਕੇ ਨੂੰ ਛੋਟੀ ਉਮਰ ਦੀ ਸੰਤਾਨ ਹੋਣ ਕਰਕੇ ਦੂਜਾ ਵਿਆਹ ਕਰਵਾਇਆ। ਮਸਾਂ ਮਸਾਂ ਬੱਚੇ ਜਵਾਨ ਕੀਤੇ। ਇੱਕ ਲੜਕੀ ਦੀ ਸ਼ਾਦੀ ਕਰਕੇ ਹੁਣ ਚਲਦੇ ਬਣੇ। ਪੀਲੀਆ ਹੀ ਇਹਨਾਂ ਦੀ ਮ੍ਰਿਤੂ ਦਾ ਕਾਰਨ ਬਣ ਗਿਆ। ਸੂਬਾ ਉਦੈ ਸਿੰਘ ਚੁੰਨੀ, ਜਿਹੜੇ ਅੱਜ- ਕੱਲ੍ਹ ਭੈਣੀ ਸਾਹਿਬ ਦੇ ਮੁਖੀ ਸਨ, ਨਮਿਤ 18. 4. 87 ਨੂੰ ਉਨ੍ਹਾਂ ਦੇ ਨਗਰ ਵਿੱਚ ਹੀ ਭੋਗ ਪਾਇਆ ਜਾਵੇਗਾ। ਇਸ ਸਮੇਂ ਸਤਿਗੁਰੂ ਜੀ ਦਰਸ਼ਨ ਦੇਣ ਦੀ ਕਿਰਪਾ ਕਰਨਗੇ।

ਸੰਤ ਮਹਿੰਦਰ ਸਿੰਘ ਪੂਰਬਾ ਦੇ ਘਰ ਬੈਠਿਆਂ ਪਤਾ ਲੱਗਾ ਕਿ ਜ਼ਿਲ੍ਹਾ ਸੰਗਰੂਰ ਦਾ ਨਵਾਂ ਨਾਮਧਾਰੀ ਸੂਬਾ, ਸ੍ਰੀ ਸਤਿਗੁਰੂ ਜੀ ਵਲੋਂ 3 ਅਕਤੂਬਰ 1986 ਨੂੰ ਸੰਤ ਅਵਤਾਰ ਸਿੰਘ ਢਿਲਵਾਂ ਨੂੰ ਬਣਾਇਆ ਗਿਆ ਸੀ। ਇਹ ਸ਼ਾਇਦ ਸੰਤ ਕਰਤਾਰ ਸਿੰਘ ਫੈਂਠਲ ਦੇ ਸਰੀਰ ਛੱਡਣ ਤੋਂ ਬਾਅਦ ਹੋਇਆ ਹੋਵੇ।

ਰਾਤੀ 7.30 ਵਜੇ ਮੈਂ ਫੇਰ ਪੁਰਾਣੀ ਕੋਠੀ ਦੇ ਚੁਬਾਰੇ ਤੇ ਪਹੁੰਚ ਗਿਆ ਜਿੱਥੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਲਜੀਤ ਸਿੰਘ ਖਾਪੜ ਖੇੜੀ ਹਾਰਮੋਨੀਅਮ ਨਾਲ ਕੁਝ ਪੁਰਾਣੀਆਂ ਰੀਤਾਂ ਸੁਣਾ ਰਿਹਾ ਸੀ ਅਤੇ ਸ਼ੇਰ ਸਿੰਘ ਤਬਲੇ ਦੀ ਸੰਗਤ ਦੇ ਰਿਹਾ ਸੀ।

**ਚਲਦਾ**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਜਦੋਂ ਸਜਾ ਹੋਈ ਤਾਂ ਕਿਸ਼ਨ ਸਿੰਘ ਦਾ ਵੱਡਾ ਪੁੱਤਰ ਆਤਮਾ ਸਿੰਘ, ਜੋ ਉਦੋਂ ਅਜੇ ਛੋਟਾ ਬੱਚਾ ਹੀ ਸੀ, ਸੰਤਾਂ ਨੂੰ ਪੁੱਛਣ ਲੱਗਾ, "ਤਾਇਆ ਜੀ, ਰਾਤੀਂ ਕਿਹਦੇ ਨਾਲ ਬਚਨ ਕਰਦੇ ਸਉ ! ਸੰਤ ਕਹਿਣ ਲੱਗੇ, "ਓਏ ਆਤੂ ! ਤੂੰ ਜਾਗਦਾ ਸੈਂ ? ਰਾਤ ਸਤਿਗੁਰੂ ਰਾਮ ਸਿੰਘ ਜੀ ਮੇਰੇ ਪਾਸ ਆਏ ਸਨ। ਇਸ ਤਰ੍ਹਾਂ ਦੀਆਂ ਗਾਥਾਵਾਂ ਵਾਲੇ ਗੁਰੂ ਪਿਆਰਿਆਂ ਦਾ ਇਹ ਇਲਾਕਾ ਸੀ।

ਰੱਤੇ ਚੋਏ ਹੋਲੇ ਤੋਂ, ਵੈਸਾਖੀ ਦਾ ਮੇਲਾ ਅੰਮ੍ਰਿਤਸਰ ਵੇਖਣ ਬਾਦ, ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਪੁਜ ਗਏ। ਵੈਸਾਖ ਦਾ ਸਾਰਾ ਮਹੀਨਾ ਸ੍ਰੀ ਭੈਣੀ ਸਾਹਿਬ ਹੀ ਰਹੇ।

**ਰੋਜ਼ ਦਾ ਪ੍ਰੋਗਰਾਮ:**

ਸਤਿਗੁਰੂ ਜੀ ਤੜਕੇ ਤਿੰਨ ਵਜੇ ਉਠਦੇ। ਇਸ਼ਨਾਨ ਕਰਨ ਤੋਂ ਬਾਅਦ ਚਾਰ ਅੱਖਰ ਦਾ ਜਾਪ ਕਰਦੇ। ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦਾ ਭੋਗ ਪਾ ਕੇ, ਜਪੁ, ਜਾਪ, ਦੋਹਾਂ ਦੇ ਸ਼ਬਦ ਹਜ਼ਾਰੇ ਸੁਖਮਨੀ ਸਾਹਿਬ ਅਤੇ ਆਸਾ ਦੀ ਵਾਰ ਬਾਣੀਆਂ ਦਾ ਪਾਠ ਕਰਦੇ। ਫਿਰ ਅਖਾੜੇ ਵਿਚ ਜ਼ੋਰ ਕਰਦੇ। ਨਹਿਰ ਵਿਚ ਤਰਦੇ, ਇਸ਼ਨਾਨ ਨਹਿਰ ਵਿਚ ਹੀ ਕਰਦੇ। ਫਿਰ ਜਲ ਪਾਣੀ ਛਕ ਕੇ ਬਿਰਾਜ ਜਾਣਾ। ਲੌਢੇ ਵੇਲੇ ਕਥਾ ਹੁੰਦੀ। ਸਤਿਗੁਰੂ ਜੀ ਕਰਦੇ। ਸਤਿਗੁਰੂ ਬਿਲਾਸ ਦੋਵੇਂ (ਛੰਦਾਬੰਦੀ ਭਾਈ ਧਿਆਨ ਸਿੰਘ ਕਾਦਰਾਬਾਦੀ ਅਤੇ ਵਾਰਤਕ ਵਿਚ ਭਾਈ ਸੰਤੋਖ ਸਿੰਘ ਬਾਹੋਵਾਲ ਵਾਲਾ) ਸੂਰਜ ਪ੍ਰਕਾਸ਼, ਗੁਰਬਿਲਾਸ ਜਾਂ ਪੰਥ ਪ੍ਰਕਾਸ਼ ਇਹਨਾਂ ਵਿਚੋਂ ਕਿਸੇ ਵੀ ਗ੍ਰੰਥ ਦੀ ਕਥਾ ਸਤਿਗੁਰੂ ਜੀ ਕਰਦੇ। ਫਿਰ ਸਾਧ ਸੰਗਤ ਨੂੰ ਸੱਦ ਕੇ ਛਾਲਾਂ ਵੇਖਣੀਆਂ, ਆਪ ਵੀ ਛਾਲਾਂ ਮਾਰਦੇ। ਫਿਰ ਰਹਿਰਾਸ ਦੇ ਪਾਠ ਤੋਂ ਬਾਦ ਲੰਗਰ ਪਾਣੀ ਛਕਣਾ। ਸਵੇਰੇ ਇਕ ਹੀ ਮਿੱਸਾ ਪ੍ਰਸ਼ਾਦਾ ਛਕਦੇ ਸਨ। ਰਾਤ ਨੂੰ ਤਾਊਸ ਵਜਾ ਕੇ ਆਪ ਨੇ ਦੀਵਾਨ ਲਾਉਣਾ। ਤਾਊਸ ਅਤੇ ਰਾਗ ਵਿੱਦਿਆ ਦੇ ਆਪ ਦੇ ਉਸਤਾਦ, ਜਿਊਣ ਸਿੰਘ ਜੀ ਪਿੰਡ ਰਾਜੇ ਦੇ ਸਨ। ਇਹ ਪਟਿਆਲਾ ਦਰਬਾਰ ਦੇ ਦਰਬਾਰੀ ਰਾਗੀ ਭਾਈ ਗੁੱਜਾਸਿੰਘ ਦੇ ਸ਼ਾਗਿਰਦ ਸਨ।

ਜੇਠ ਤੋਂ ਅੱਧ ਹਾੜ ਤੱਕ ਨਹਿਰ ਵਾਲੇ ਡੇਰੇ 'ਤੇ ਰਹਿੰਦੇ। ਅੱਧ ਹਾੜ ਤੋਂ ਅੱਧ ਸਾਉਣ ਤੱਕ ਮੈਨ ਦੁਆਬ ਦੇ ਇਲਾਕੇ ਦਾ ਦੌਰਾ ਕਰਦੇ। ਇਹ ਅੰਬਾਂ ਦੀ ਰੁੱਤ ਹੁੰਦੀ ਸੀ। ਇਸ ਇਲਾਕੇ ਵਿਚ ਅੰਬ ਵੀ ਕਾਫ਼ੀ ਹੁੰਦੇ ਸਨ। ਸੋ ਮੈਨ ਦੁਆਬ ਦੀਆਂ ਸੰਗਤਾਂ ਦੀ ਅਰਜ਼ ਤੇ ਸਤਿਗੁਰੂ ਜੀ ਉਹਨਾਂ ਦੇ ਉਧਾਰ ਹਿੱਤ ਓਧਰ ਦੌਰਾ ਕਰਦੇ। ਇਸ ਦੌਰੇ ਤੋਂ ਬਾਦ ਆਪ ਨਹਿਰ ਤੇ ਆ ਜਾਂਦੇ ਅਤੇ ਪੰਦਰਾਂ ਦਿਨ ਇਥੇ ਹੀ ਆਰਾਮ ਕਰਦੇ। ਪਹਿਲੀ ਭਾਦਰੋਂ ਤੋਂ ਦਸ ਅੱਸੂ ਤੱਕ ਪਿਛਲੀ ਮਰਿਆਦਾ ਅਨੁਸਾਰ ਹੀ ਚਾਲ੍ਹੀਆ ਕੱਟਦੇ। ਜੇਠ ਦੇ ਮਹੀਨੇ ਵਿਚ ਨਹਿਰ ਤੋਂ ਜਾ ਕੇ 3-4 ਦਿਨ ਭੈਣੀ ਸਾਹਿਬ ਰਹਿ ਕੇ ਉਥੇ ਨਿਮਾਣੀ ਦਾ ਮੇਲਾ ਕਰਦੇ ਜੋ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੁੰਦਾ ਆ ਰਿਹਾ ਸੀ। ਚਾਲ੍ਹੀਏ ਦੇ ਭੋਗ ਤੋਂ ਬਾਦ ਸ੍ਰੀ ਭੈਣੀ ਸਾਹਿਬ ਆ ਗਏ। ਸੰਗਤਾਂ ਨੂੰ ਤਾਰਦੇ ਮੰਜ਼ਲੋ ਮੰਜ਼ਲੀ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਪੁੱਜ ਗਏ।

**ਸੰਤ ਜਿਊਣ ਸਿੰਘ ਝੱਬਰ ਦੀ ਅਰਜ਼**

ਜਦੋਂ ਸਤਿਗੁਰੂ ਜੀ ਦੀਵਾਲੀ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਦੇ ਰਹੇ ਸਨ ਤਾਂ ਮੇਰੇ ਪਿਤਾ ਜੀ, ਸੰਤ ਜਿਊਣ ਸਿੰਘ ਝੱਬਰ, ਜੋ ਸਰੀਰ ਕਰਕੇ ਕੁਝ ਢਿੱਲੇ ਸਨ, ਉਹਨਾਂ ਨੇ ਸਤਿਗੁਰੂ ਜੀ ਨੂੰ ਆਪਣੇ ਡੇਰੇ 'ਤੇ, ਜੋ ਇੱਥੇ ਨਾਮਧਾਰੀ ਧਰਮਸ਼ਾਲਾ ਵਿਚ ਹੀ ਸੀ, ਦਰਸ਼ਨ ਦੇਣ ਦੀ ਬੇਨਤੀ ਸਿੰਘਾਂ ਹੱਥ ਭਿਜਵਾਈ। ਸਤਿਗੁਰੂ ਜੀ ਨੇ ਪਹੁੰਚ ਕੇ ਦਰਸ਼ਨਾਂ ਦਾ ਮਨੋਰਥ ਪੁੱਛਿਆ। ਬਾਪੂ ਜੀ ਕਹਿਣ ਲੱਗੇ, "ਜੀ ਮੇਰੀ ਇਹ ਮੰਗ ਹੈ ਆਪ ਤੋਂ ਕਿ ਗੁਰਮੁਖ ਸਿੰਘ ਜਾਂ ਤਾਂ ਆਪਣੇ ਪਿੰਡ ਝੱਬਰੀਂ ਰਹੇ ਜਾਂ ਆਪ ਜੀ ਦੇ

ਚਰਨਾਂ ਵਿਚ ਹੀ ਰਹੇ। ਇਹਨਾਂ ਦੋਹਾਂ ਥਾਵਾਂ ਤੋਂ ਲਾਂਭੇ ਅਵਾਰਾ ਨਾ ਫਿਰੇ। ਇਹਦਾ ਹੋਰ ਸਭ ਧਿਆਨ ਵੀ ਹੁਣ ਤੁਸਾਂ ਹੀ ਰੱਖਣਾ ਹੈ। ਮਾਂ ਇਹਦੀ ਪਹਿਲਾਂ ਮਰ ਗਈ ਹੈ। ਮੇਰਾ ਵੀ ਕੋਈ ਭਰਵਾਸਾ ਨਹੀਂ। ਹੋਰ ਕੋਈ ਸਕਾ ਚਾਚਾ, ਤਾਇਆ, ਭੈਣ ਭਰਾ ਵੀ ਇਸਦਾ ਨਹੀਂ। ਅਜੇ ਬੱਚਾ ਹੈ।"

ਸਤਿਗੁਰੂ ਜੀ ਨੇ ਹੁਕਮ ਕੀਤਾ, "ਜਿਊਣ ਸਿੰਘ ਜੀ, ਫਿਕਰ ਨਾ ਕਰੋ, ਇਹ ਅੱਗੇ ਵੀ ਮੇਰੀ ਨਿਗਾਹ ਵਿਚ ਸੀ ਅਤੇ ਅਗਾਂਹ ਤੋਂ ਵੀ ਮੇਰੀ ਨਿਗਾਹ ਵਿਚ ਰਹੇਗਾ। ਮੈਨੂੰ ਗੁਰੂ ਹਰੀ ਸਿੰਘ ਜੀ ਨਾਲ ਤੁਹਾਡੀ ਪ੍ਰੀਤੀ ਦਾ ਵੀ ਗਿਆਨ ਹੈ। ਨਾਲੇ ਤੁਹਾਡੇ ਚਿਤ ਵਿਚ ਇਹਦੇ ਅਨੰਦ ਵਗੈਰਾ ਬਾਰੇ ਵੀ ਕੋਈ ਫੁਰਨਾ ਨਾ ਰਹੇ, ਮੈਂ ਇਹਨੂੰ ਇਕ ਵੇਰ ਛੱਡ ਕੇ ਦੋ ਵੇਰ ਵਿਆਹ ਦਿਆਂਗਾ। ਮੈਂ ਇਹਨੂੰ ਆਪਣਾ ਪੁੱਤਰ ਹੀ ਸਮਝਦਾ ਹਾਂ।" ਸਤਿਗੁਰੂ ਜੀ ਦਾ ਇਹ ਬਚਨ ਸੱਚ ਹੋਣਾ ਸੀ। ਮੇਰਾ ਪਹਿਲਾ ਅਨੰਦ ਸੰਤ ਗੰਡਾ ਸਿੰਘ ਜੀ ਢੋਟੀਆਂ ਖਿਆਲੇ ਵਾਲਿਆਂ ਦੀ ਸਪੁੱਤਰੀ ਬੀਬੀ ਹਰਬੰਸ ਕੌਰ ਨਾਲ ਹੋਇਆ ਸੀ, ਜਦੋਂ ਮੈਂ ਪੰਝੀਆਂ ਕੁ ਵਰ੍ਹਿਆਂ ਦਾ ਸਾਂ, ਇਹ ਸਿੰਘਣੀ ਵਰ੍ਹੇ ਕੁ ਦੇ ਵਕਫ਼ੇ ਬਾਦ ਚੜ੍ਹਾਈ ਕਰ ਗਈ ਸੀ। ਫਿਰ ਚਹੁੰ ਕੁ ਸਾਲਾਂ ਬਾਦ ਸਤਿਗੁਰੂ ਜੀ ਨੇ ਬੁਰਜ ਰਾਇ ਕੇ, ਸਿਰਹਾਲੀ ਦੇ ਪਾਸ, ਪ੍ਰਸਿੱਧ ਕੂਕੇ ਬਾਬਾ ਸ਼ਾਮ ਸਿੰਘ ਸਿਰਹਾਲੀ ਦੀ ਪੜੋਤਰੀ ਅਤੇ ਸੰਤਾਂ ਆਤਮਾ ਸਿੰਘ ਹੋਰਾਂ ਦੀ ਪੁੱਤਰੀ, ਪ੍ਰੀਤਮ ਕੌਰ ਨਾਲ ਦੁਬਾਰਾ ਮੇਰਾ ਅਨੰਦ ਕਾਰਜ, ਆਪ ਮੇਰੀ ਜੰਞ ਨਾਲ ਜਾ ਕੇ ਕੀਤਾ ਸੀ।

ਇੱਥੋਂ ਸਤਿਗੁਰੂ ਜੀ ਨੇ ਮੈਨੂੰ ਆਪਣੇ ਨਾਲ ਹੀ ਲੈ ਕੇ, ਨਨਕਾਣੇ ਸਾਹਿਬ ਆਦਿ ਗੁਰੂ ਜੀ ਦੇ ਪ੍ਰਕਾਸ਼ ਪੁਰਬ ਤੇ ਜਾ ਦਰਸ਼ਨ ਦਿਤੇ। ਇਸ ਮੇਲੇ ਦੇ ਭੋਗ ਤੋਂ ਬਾਦ ਸਤਿਗੁਰੂ ਜੀ ਨੂੰ ਮੇਰੇ ਬਾਪੂ ਜੀ ਦਾ ਅੰਮ੍ਰਿਤਸਰੋਂ ਸੁਨੇਹਾ ਮਿਲਿਆ ਕਿ ਗੁਰਮੁਖ ਸਿੰਘ ਨੂੰ ਜਲਦੀ ਮੇਰੇ ਪਾਸ ਭੇਜ ਦਿਓ, ਮੇਰਾ ਸਰੀਰ ਚੱਲ ਜਾਣਾ ਹੈ। ਸਤਿਗੁਰੂ ਜੀ ਨੇ ਰਾਤ ਹੀ ਮੈਨੂੰ ਬੁਲਾ ਕੇ ਆਖਿਆ ਕਿ ਤੂੰ ਸਵੇਰੇ ਪਹਿਲੀ ਗੱਡੀ ਤੇ ਅੰਮ੍ਰਿਤਸਰ, ਸੰਤ ਜਿਊਣ ਸਿੰਘ ਝੱਬਰ ਹੋਰਾਂ ਪਾਸ ਚਲੇ ਜਾਣਾ ਹੈ।

ਸਵੇਰੇ ਜਦੋਂ ਮੈਂ ਅਤੇ ਵਰਨਾਂ ਦੇ ਵਰਿਆਮ ਸਿੰਘ ਨੇ ਵੀ, ਮੇਰੇ ਨਾਲ ਅੰਮ੍ਰਿਤਸਰ ਨੂੰ ਜਾਣ ਦੀ ਤਿਆਰੀ ਕੀਤੀ ਤਾਂ ਲਾਂਗਰੀਆਂ ਸਿੰਘਾਂ ਨੇ ਪ੍ਰਸ਼ਾਦੇ ਨਾ ਦਿੱਤੇ। ਮੇਰੇ ਮਨ ਵਿਚ ਰੋਸ ਆਇਆ ਕਿ ਸਤਿਗੁਰੂ ਜੀ ਤਾਂ ਕਹਿੰਦੇ ਸਨ ਕਿ ਇਹ ਮੇਰੀ ਨਿਗਾਹ ਵਿਚ ਹੈ, ਪਰ ਏਥੇ ਤਾਂ ਪ੍ਰਸ਼ਾਦੇ ਵੀ ਨਹੀਂ ਮਿਲ ਰਹੇ। ਲਾਂਗਰੀ ਸਿੰਘ ਸੰਤ ਫਤਹਿ ਸਿੰਘ ਮਾਂਗੇ ਦੇ ਇਲਾਕੇ ਨੱਕੇ ਦੇ ਸਨ। ਇਹਨਾਂ ਕਿਹਾ ਕਿ ਅਸੀਂ ਆਪਣੇ ਪਕਾਏ ਪ੍ਰਸ਼ਾਦੇ ਤੁਹਾਨੂੰ ਕਿਉਂ ਦੇਈਏ। ਪਹਿਲਾਂ ਸਾਡੇ ਸਿੰਘ ਛਕਣਗੇ। ਸਾਡੀ ਕਾਹਲ ਵੱਲ ਉਹਨਾਂ ਨੇ ਨਾ ਵੇਖਿਆ। ਸਾਨੂੰ ਪ੍ਰਮੇਸ਼ਰ ਨੇ ਇਹ ਜਤਾਇਆ ਕਿ ਕੜਾਹ ਪ੍ਰਸ਼ਾਦ ਜੋ ਸੁੰਦਰ ਸਿੰਘ 'ਬੰਬੂ' ਹੋਰਾਂ ਨੇ ਬਣਾਇਆ ਹੈ, ਉਹ ਅਸੀਂ ਇਹਨਾਂ ਪ੍ਰਸ਼ਾਦਿਆਂ ਵਾਲਿਆਂ ਲਾਂਗਰੀਆਂ ਨੂੰ ਨਾ ਦਈਏ। ਅਸੀਂ ਆਪਣੇ ਘੋੜੇ, ਊਠਾਂ ਅਤੇ ਲੰਗਰ ਵਾਲੇ ਸਿੰਘਾਂ ਨੂੰ ਅੰਦਰ ਵਾੜ ਲਿਆ। ਕੰਧ ਉਤੇ ਇਕ ਸਿੰਘ ਬਹਾ ਦਿਤਾ ਜੋ ਰਾਖੀ ਰੱਖੇ ਕਿ ਦੀਵਾਨ ਦੀ ਅਰਦਾਸ ਕਦੋਂ ਹੁੰਦੀ ਹੈ। ਜਦੋਂ ਅਰਦਾਸ ਇੱਥੇ ਆਈ, "ਕੜਾਹ ਪ੍ਰਸ਼ਾਦ ਅੰਮ੍ਰਿਤ ਦੀ ਦੇਗ ਤਿਆਰ। ਆਪ ਨੂੰ ਭੋਗ ਲੱਗੇ। ਸੀਤ ਪ੍ਰਸਾਦ ਆਪਦੇ ਖ਼ਾਲਸੇ ਨੂੰ ਮਿਲੇ।"

ਉਸ ਸਿੰਘ ਨੇ ਇਤਲਾਹ ਦੇ ਦਿਤੀ। ਅਸੀਂ ਅੰਦਰਲੀ ਸੰਗਤ ਨੂੰ ਕੜਾਹੇ ਵਾਲਾ ਸਾਰਾ ਪ੍ਰਸ਼ਾਦ ਵਰਤਾ ਦਿਤਾ ਅਤੇ ਆਪ ਹਰਨ ਹੋ ਗਏ। ਆਪੋ ਵਿਚ ਅਸੀਂ ਦੂਜੇ ਸਿੰਘਾਂ ਨਾਲ ਗੁਰਮਤਾ ਕਰ ਲਿਆ ਕਿ ਮੈਂ ਤਾਂ ਅੰਮ੍ਰਿਤਸਰ ਦੀ ਗੱਡੀ ਚੜ੍ਹ ਜਾਣਾ ਹੈ, ਤੁਹਾਨੂੰ ਜੇ ਸੱਚੇ ਪਾਤਸ਼ਾਹ ਪੁੱਛਣ ਤਾਂ ਤੁਸਾਂ ਕਹਿਣਾ ਕਿ ਗੁਰਮੁਖ ਸਿੰਘ ਨੇ ਵਰਤਾਇਆ ਹੈ। ਨੱਕੇ ਦੇ ਸਿੰਘ ਪ੍ਰਸ਼ਾਦ ਵਰਤਿਆ ਵੇਖ ਕੇ ਨਿਰਾਸ ਹੋ ਗਏ ਕਿਉਂਕਿ ਅੱਗੇ ਤਾਂ ਭੋਗ ਤੋਂ ਬਾਦ ਉਹ ਵੀ ਗਹਿਰੇ ਗੱਫੇ ਲਾਉਂਦੇ ਸਨ। ਸੰਤ ਫਤਹਿ ਸਿੰਘ ਹੋਰਾਂ ਆਪਣੇ ਜੱਥੇ ਸਮੇਤ ਸਤਿਗੁਰੂ ਜੀ ਨੂੰ ਅਰਜ਼ ਕੀਤੀ, "ਜੀ ਕੜਾਹ ਪ੍ਰਸ਼ਾਦ ਤਾਂ ਤੁਹਾਡੇ ਘੋੜਿਆਂ ਵਾਲਿਆਂ ਸਿੰਘਾਂ ਨੂੰ ਹੀ ਵਰਤਾ ਦਿਤਾ ਨੇ। ਇਹਨਾਂ ਨੂੰ ਪੁੱਛਣਾ ਚਾਹੀਦਾ ਹੈ।"

ਸਤਿਗੁਰਾਂ ਨੇ ਸਾਰੇ ਘੋੜਿਆਂ ਵਾਲੇ ਸਰੀਰ ਸੱਦ ਕੇ ਪੁੱਛਿਆ ਕਿ ਤੁਸਾਂ ਇਹ ਸ਼ਰਾਰਤ ਕਿਉਂ ਕੀਤੀ ਹੈ। ਸਿੰਘਾਂ ਆਖਿਆ, "ਜੀ ਸਾਨੂੰ ਤਾਂ ਛਕਣ ਦਾ ਹੀ ਪਤਾ ਹੈ। ਵਰਤਾਇਆ ਤਾਂ ਗੁਰਮੁਖ ਸਿੰਘ ਝੱਬਰ ਨੇ ਹੈ ਅਤੇ ਉਹ ਗੱਡੀ ਚੜ੍ਹ ਕੇ ਅੰਮ੍ਰਿਤਸਰ ਚਲਾ ਗਿਆ ਹੈ। ਉਹ ਹੀ ਆ ਕੇ ਸਾਰੀ ਗੱਲ ਦੱਸ ਸਕੇਗਾ ਕਿ ਉਸ ਕਿਉਂ ਵਰਤਾਇਆ ਹੈ।"

ਸਤਿਗੁਰੂ ਜੀ 9 ਚੱਕ ਝੱਬਰ, ਛੋਟੀਆਂ ਆਦਿ ਨਗਰਾਂ ਨੂੰ ਦੌਰਾ ਲੈ ਗਏ। ਸੰਤ ਫਤਹਿ ਸਿੰਘ ਹੋਰੀਂ ਵੀ ਆਪਣੇ ਇਲਾਕੇ ਨੂੰ ਚਲੇ ਗਏ।

**ਚਲਦਾ**

# ਖ਼ਬਰਨਾਮਾ

## ਹੋਲਾ ਮਹੱਲਾ

**ਸ੍ਰੀ ਭੈਣੀ ਸਾਹਿਬ** **13 ਮਾਰਚ ਤੋਂ 17 ਮਾਰਚ 2025**

**ਨਾਮ-ਸਿਮਰਨ-ਕੀਰਤਨ- ਦੀਵਾਨ- ਲੈਕਚਰ- ਕਵੀਸ਼ਰੀ- ਕਵੀ ਦਰਬਾਰ- ਨਾਟਕ- ਬੱਚਿਆਂ ਦੇ ਪ੍ਰੋਗਰਾਮ- ਪੁਸਤਕਾਂ ਰਲੀਜ਼- ਸਤਿਜੁਗ ਅੰਕ- ਸੇਵਾ- ਅਤੁੱਟ ਲੰਗਰ**

ਹਰ ਸਾਲ ਦੀ ਤਰ੍ਹਾਂ ਖਾਲਸਾ ਪੰਥ ਦੇ ਜਾਹੋ-ਜਲਾਲ ਦਾ ਪ੍ਰਤੀਕ 'ਹੋਲਾ ਮਹੱਲਾ' 13 ਤੋਂ ਲੈ ਕੇ 17 ਮਾਰਚ ਤੱਕ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਮਨਾਇਆ ਗਿਆ। ਕੁਝ ਦਿਨ ਪਹਿਲਾਂ ਹੀ ਅਖੰਡ ਪਾਠਾਂ ਦਾ ਪ੍ਰਵਾਹ ਮੁਕੰਮਲ ਹੋਇਆ ਸੀ ਤੇ ਨਾਲ ਹੀ ਹੋਲੇ ਮਹੱਲੇ ਦੀਆਂ ਤਿਆਰੀਆਂ ਆਰੰਭ ਹੋ ਗਈਆਂ।

**13-3-2025-** ਹੋਲੇ ਮਹੱਲੇ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਈ। ਰਾਗੀ ਹਰਵਿੰਦਰ ਸਿੰਘ, ਸਤਨਾਮ ਸਿੰਘ, ਹਰਨਾਮ ਸਿੰਘ, ਬਸੰਤ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਮਨਮੋਹਕ ਅੰਦਾਜ ਵਿੱਚ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਸਤਿਜੁਗ ਸੰਪਾਦਕ ਗੁਰਲਾਲ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕੀਤਾ-

**ਗੁਰਲਾਲ ਸਿੰਘ-** ਹੋਲੀ ਦੇ ਅੰਤਰੀਵ ਅਰਥ ਵੀ ਆਪਣੇ ਨਫ਼ਸ ਨੂੰ, ਆਪਣੇ ਵਿਕਾਰਾਂ ਨੂੰ ਆਪਣੀਆਂ ਤਿਰਸ਼ਨਾਵਾਂ ਨੂੰ ਖ਼ਤਮ ਕਰਨ ਦੇ ਸਨ, ਜਦੋਂ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਇਸ ਨੂੰ ਹੋਲਾ ਆਖਿਆ ਹੋਲੇ ਤੋਂ ਭਾਵ ਹੱਲਾ। ਹੱਲੇ ਤੋਂ ਭਾਵ ਹਮਲਾ, ਉਹ ਵੀ ਇਹੀ ਭਾਵ ਸੀ, ਕਿ ਅੰਤਰੀਵ ਦੁਸ਼ਮਣਾਂ ਦੇ ਉੱਤੇ ਹੱਲਾ ਕਰਨਾ। ਗੁਰੂ ਸਾਹਿਬਾਨਾਂ ਨੇ ਜਦੋਂ ਸਾਨੂੰ ਉਪਦੇਸ਼ ਦਿੱਤਾ ਅਸੀਂ ਜਦੋਂ ਗੁਰਬਾਣੀ ਵੀ ਪੜ੍ਹਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਵਾਰ-ਵਾਰ ਹਰ ਉਸ ਚੀਜ਼ ਨੂੰ ਰਿਲੇਟ ਕਰਕੇ ਜਿਹੜੀ ਸਾਡੇ ਜੀਵਨ ਦੇ ਨਿੱਤ-ਚਰਿਆ ਜਾਂ ਸਾਡੇ ਜ਼ਿੰਦਗੀ ਚ ਕੰਮ ਆਉਣ ਵਾਲੀਆਂ ਜਾਂ ਦਿਨ ਤਿਉਹਾਰ ਮਹੀਨੇ ਜਿਹਨਾਂ ਦੇ ਵਿੱਚ ਅਸੀਂ ਜੀਵਨ ਨੂੰ ਵੰਡਿਆ ਹੋਇਆ ਹੈ। ਜਿਸ ਤਰ੍ਹਾਂ ਅਸੀਂ ਘੜੀਆਂ ਦੇ ਉਪਦੇਸ਼ ਸਰਵਣ ਕਰਦੇ ਆਂ ਗੁਰਬਾਣੀ ਵਿੱਚ ਪਹਿਰਾ ਦਾ ਉਪਦੇਸ਼ ਹੈ ਦਿਲਾਂ ਦਾ ਉਪਦੇਸ਼ ਹੈ, ਸਤਵਾਰਾ ਲਿਖਿਆ ਗੁਰੂ ਪਾਤਸ਼ਾਹ ਨੇ ਫਿਰ ਮਹੀਨਿਆਂ ਦੇ ਦਿਨ ਨੂੰ ਅਸੀਂ 12 ਮਾਹਾਂ ਕਹਿੰਦੇ ਹਾਂ। ਇਸ ਤਰ੍ਹਾਂ ਉਪਦੇਸ਼ ਦਿੱਤਾ ਕਿ ਕਿਤੇ ਨਾ ਕਿਤੇ ਸਾਡਾ ਮਨ ਜਿਹੜਾ ਹੈ ਉਹਨਾਂ ਵਿਕਾਰਾਂ ਤੋਂ ਹਟ ਜਾਵੇ ਤਾਂ ਅਸੀਂ ਇੱਕ ਚੰਗੀ ਜ਼ਿੰਦਗੀ ਦੀ ਸ਼ੁਰੂਆਤ ਕਰ ਸਕੀਏ।

ਅੱਜ ਹੋਲੇ ਦਾ ਪਹਿਲਾ ਦਿਨ ਹੈ ਉਹਦੇ ਤੋਂ ਭਾਵ ਹੀ ਇਹ ਹੈ ਕਿ ਜੋ ਕੁਝ ਪਿੱਛੇ ਬੀਤ ਗਿਆ। ਉਸ ਨੂੰ ਭੁੱਲ ਕੇ ਇੱਕ ਨਵੀਂ ਸ਼ੁਰੂਆਤ ਕਰਨੀ ਹੱਲਾ ਕਰਨਾ। ਉਹਨਾਂ ਚੀਜ਼ਾਂ ਤੇ ਜਿਹੜੀਆਂ ਚੀਜ਼ਾਂ ਸਾਡੇ ਅੰਦਰ ਕਾਬਜ ਹੋ ਚੁੱਕੀਆਂ ਨੇ ਜਾਂ ਤਾਕਤਵਰ ਹੋ ਚੁੱਕੀਆਂ। ਕਿਉਂਕਿ ਇਸ ਮਨ ਦੇ ਅੰਦਰ ਹੀ ਅੰਮ੍ਰਿਤ ਹੈ। ਇਸ ਮਨ ਦੇ ਅੰਦਰ ਹੀ ਜ਼ਹਿਰ ਹੈ। ਸਤਿਗੁਰੂ ਪਾਤਸ਼ਾਹ ਗੁਰਬਾਣੀ ਵਿੱਚ ਪ੍ਰਵਚਨ ਕਰਦੇ ਨੇ ਮਨੁੱਖ ਦੇ ਅੰਦਰ ਚੰਗੇ ਗੁਣ ਨੇ ਉਹ ਅੰਮ੍ਰਿਤ ਹੈ ਉਹਦਾ ਵਧਣਾ ਸਰੀਰ ਵਿੱਚ ਜਰੂਰੀ ਹੈ ਬੁਰਾਈਆਂ ਜੋ ਜ਼ਹਿਰ ਹੈ ਉਹਦਾ ਘਟਨਾ ਜਰੂਰੀ ਹੈ ਇਸ ਵਾਸਤੇ ਹੋਲੇ ਦੀ ਸ਼ੁਰੂਆਤ ਹੋਈ। ਆਪਣੇ ਜੀਵਨ ਨੂੰ ਇੱਕ ਨਵੀਂ ਸ਼ੁਰੂਆਤ ਦੇਣ ਦੇ ਵਾਸਤੇ ਹਰ ਸਾਲ ਇੱਕ ਵਾਰੀ ਫੇਰ ਇਸ ਗੱਲ ਨੂੰ ਯਾਦ ਕਰਵਾਇਆ ਜਾਂਦਾ ਹੈ ਦੁਬਾਰਾ ਆਖਿਆ ਜਾਂਦਾ ਫਿਰ ਇਸ ਗੱਲ ਵਾਸਤੇ ਸੋਚਿਆ ਜਾਵੇ ਕਿ ਸਾਡੇ ਅੰਦਰ ਜੋ ਵਿਕਾਰ ਨੇ ਜੋ ਚੀਜ਼ਾਂ ਸਾਡੇ ਅੰਦਰ ਨੇ ਉਹ ਖਤਮ ਹੋਣ।

ਸਾਧ ਸੰਗਤ ਨੇ ਲਗਾਤਾਰ ਇਸ ਹੋਲੇ ਦੇ ਵਿੱਚ ਦਰਸ਼ਨ ਕਰਨੇ ਹਨ, ਕਥਾ ਦੀਵਾਨ, ਉਪਦੇਸ਼ ਕੀਰਤਨ ਇਹ ਸਰਵਣ ਕਰਨਾ ਹੈ। ਅੱਜ ਦਾ ਦਿਨ ਸਤਿਗੁਰੂ ਬਾਲਕ ਸਿੰਘ ਸੱਚੇ ਪਾਤਸ਼ਾਹ ਨੂੰ ਅਸੀਂ ਸਮਰਪਿਤ ਕਰਦੇ ਹਾਂ। ਸਤਿਗੁਰੂ ਬਾਲਕ ਸਿੰਘ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਮੱਘਰ ਸੁਦੀ ਦੀ ਪੂਰਨਮਾਸ਼ੀ ਨੂੰ ਪਿਤਾ ਦਿਆਲ ਸਿੰਘ ਮਾਤਾ ਭਾਗਪਰੀ ਦੇ ਘਰ ਸਰਹਾਲੇ ਨਗਰ ਵਿੱਚ ਹੋਇਆ। ਮੈਂ ਇਸ ਕਥਾ ਨੂੰ ਨਾਲ ਹੋਲੀ ਦੀ ਕਥਾ ਦੇ ਨਾਲ ਤੋਰਨਾ। ਆਪ ਜੀ ਨੇ ਆਪਣੀ ਕਰਮ ਭੂਮੀ ਹਜਰੋਂ ਸਾਹਿਬ ਨੂੰ ਬਣਾਇਆ ਕੁਝ ਸਮਾਂ ਸੋਈ ਨਗਰ ਵਿੱਚ ਵੀ ਰਹੇ ਫਿਰ ਹਜਰੋ ਦੇ ਵਿੱਚ ਆਪ ਜੀ ਦੇ ਪਿਤਾ ਉਸ ਕਿਲੇ ਦੇ ਵਿੱਚ ਜਿੱਥੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਬਾਅਦ ਵਿੱਚ ਆਉਂਦੇ ਨੇ ਉਸ ਕਿਲੇ ਚ ਦੀਵਾਨ ਲੱਗੇ ਸਨ ਇਸ ਕਰਕੇ ਸਤਿਗੁਰੂ ਬਾਲਕ ਸਿੰਘ ਸੱਚੇ ਪਾਤਸ਼ਾਹ ਆਪਣੇ ਪਰਿਵਾਰ ਸਮੇਤ 1885 ਬਿਕਰਮੀ ਨੂੰ

ਕਿੱਥੇ ਪਹੁੰਚਦੇ ਨੇ ਇੱਥੇ ਉਹਨਾਂ ਨੇ ਸੁਨਿਆਰੇ ਦੀ ਦੁਕਾਨ ਕੀਤੀ ਜੋ ਵਿਹਾਰ ਸੀ ਇਸ ਕਰਕੇ ਸਾਧ ਸੰਗਤ ਹੁੰਦੀ ਸੀ ਸਾਡਾ ਇਤਿਹਾਸਕਾਰ ਤਾਂ ਇੱਥੋਂ ਤੱਕ ਲਿਖਦਾ ਕਿ ਆਪ ਜੀ ਦੀ ਕਿਰਪਾ ਦੇ ਨਾਲ ਹਜਰੋਂ ਸਾਹਿਬ ਦੇ ਵਿੱਚ ਘਰ ਘਰ ਵਿੱਚ ਧਰਮਸ਼ਾਲਾ ਬਣੀਆਂ 60 ਥਾਂ ਤੇ ਲੰਗਰ ਚੱਲਦਾ ਸੀ। ਹੋਲੀ ਦੁਨਿਆਵੀ ਲੋਕ ਮਨਾਉਂਦੇ ਸਨ ਰੰਗ ਲਾ ਕੇ ਰੰਗ ਤਾਂ ਅਸਲ ਵਿੱਚ ਅੰਦਰਲਾ ਰੰਗਣਾ ਸੀ ਪਰ ਉਸ ਨੂੰ ਸਿੰਬੋਲਿਕ ਤੌਰ ਤੇ ਬਾਹਰੀ ਰੰਗ ਨੇ ਲੈ ਲਿਆ ਤੇ ਬਾਹਰੀ ਰੰਗ ਦੇ ਵਿੱਚ ਲੋਕਾਂ ਨੇ ਇੱਕ ਦੂਜੇ ਦੇ ਉੱਤੇ ਰੰਗ ਸੁੱਟਿਆ ਤੇ ਹੋਲੀ-ਹੋਲੀ ਕਿਹਾ ਪਰ ਸਤਿਗੁਰੂ ਪਾਤਸ਼ਾਹ ਇਸ ਨੂੰ ਬਦਲਦੇ ਨੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ ਬਾਅਦ ਵਿੱਚ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਬਹੁਤ ਵੱਡੀ ਹੋਈ ਸਭ ਤੋਂ ਵੱਡੀ ਗੱਲ ਇਹ ਸੀ ਕਿ ਹੋਲਾ ਆਪਾਂ ਸਾਰੇ ਜਾਣਦੇ ਆ ਅਨੰਦਪੁਰ ਸਾਹਿਬ ਮਨਾਇਆ ਜਾਂਦਾ ਸੀ। ਜਦੋਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਵੀ ਇਹ ਹੋਲਾ ਅਨੰਦਪੁਰ ਸਾਹਿਬ ਗਏ ਨੇ ਤਾਂ ਉਥੋਂ ਦੇ ਪੁਜਾਰੀ ਉਥੋਂ ਦੇ ਸਰਬਰਾ ਜਿਹੜੇ ਕਿ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੇ ਸਨ ਜਿਨ੍ਹਾਂ ਦੇ ਅੰਦਰ ਪਰਮੇਸ਼ਰ ਦਾ ਰੰਗ ਖਤਮ ਹੋ ਗਿਆ ਸੀ ਸਤਿਗੁਰੂ ਪਾਤਸ਼ਾਹ ਆਖਿਆ 22 ਦੇ ਇਹਨਾਂ ਦੇ ਅੰਦਰ ਰੰਗੇ ਨਹੀਂ ਇਹ ਲੋਕਾਂ ਨੂੰ ਕਿਸ ਤਰ੍ਹਾਂ ਉਸ ਪ੍ਰਭੂ ਭਗਤੀ ਵਿੱਚ ਰੰਗਣਗੇ ਇਸ ਕਰਕੇ ਹੋਲਾ ਇਹਨਾਂ ਦੀ ਮਲਕੀਅਤ ਨਹੀਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਖੋਟੇ ਲਾਗੇ ਹੋਲਾ ਕੀਤਾ। ਮੈਂ ਜਿਹੜੀ ਗੱਲ ਕਰਦਾ ਪਿਆ ਸੀ ਸਤਿਗੁਰੂ ਬਾਲਕ ਸਿੰਘ ਸੱਚੇ ਪਾਤਸ਼ਾਹ ਇਹ ਕਿਰਪਾ ਕੀਤੀ ਸਾਨੂੰ ਲੜਨ ਦੀ ਜਾਂਚ ਦੱਸੀ ਇਹਦੇ ਨਾਲ ਆਪਣੇ ਅੰਦਰ ਨਾਲ ਹੱਲਾ ਕਿੱਥੇ ਕਰਨਾ। ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਇੱਕ ਸ਼ਬਦ ਬੜਾ ਕਮਾਲ ਦਾ ਲਿਖਦੇ ਨੇ ਇਸ ਸ਼ਬਦ ਦੇ ਵਿੱਚ ਦੋ ਗੱਲਾਂ ਜਿਹੜੀਆਂ ਨੇ ਮੁੱਖ ਰੂਪ ਦੇ ਵਿੱਚ ਸਪਸ਼ਟ ਹੁੰਦੀਆਂ ਪਹਿਲੀ ਤੇ ਸਤਿਗੁਰੂ ਦੀ ਭੂਮਿਕਾ ਕੀ ਹੈ ਦੂਸਰਾ ਅਸੀਂ ਲੜਨਾ ਕਿਸ ਦੇ ਨਾਲ ਹੈ।

ਸਤਿਗੁਰੂ ਪਾਤਸ਼ਾਹ ਆਰੰਭ ਕਰਦੇ ਨੇ "ਹਉ ਗੋਸਾਈ ਦਾ ਪਹਿਲਵਾਨੜਾ" ਸੰਸਾਰ ਵਿੱਚ ਜਿੰਨੇ ਜੀਵ ਤੁਹਾਨੂੰ ਦਿਸਦੇ ਪਏ ਨੇ ਜਿੰਨੇ ਮਨੁੱਖ ਦਿਸਦੇ ਪਏ ਨੇ ਸਾਰੇ ਹੀ ਉਹਦੇ ਪਹਿਲਵਾਨ ਨੇ ਉਸ ਦੇ ਅਖਾੜੇ ਦੇ ਸਾਰੇ ਹੀ ਇਹ ਮਨੁੱਖ ਪਹਿਲਵਾਨ ਨੇ ਹਉ ਗੋਸਾਈ ਦਾ ਪਹਿਲਵਾਨੜਾ ਮੇਰੇ ਵਿੱਚ ਵਾਧਾ ਕੀ ਹੋਇਆ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜਗਿਆਸੂ ਬਣ ਕੇ ਇਹ ਸ਼ਬਦ ਲਿਖਦੇ ਮੇਰੇ ਵਿੱਚ ਵਾਧਾ ਕੀ ਹੋਇਆ ਮੈਨੂੰ ਗੁਰੂ ਮਿਲਿਆ ਗੁਰੂ ਦੇ ਮਿਲਣ ਕਰਕੇ ਮੇਰਾ ਰੁਤਬਾ ਉੱਚਾ ਹੋ ਗਿਆ ਪਹਿਲਵਾਨ ਤਾਂ ਸਾਰੇ ਹੀ ਨੇ ਅਖਾੜੇ ਦੇ ਵਿੱਚ ਪਿੰਡਾਂ ਵਾਲੇ ਇਸ ਗੱਲ ਨੂੰ ਬਹੁਤ ਛੇਤੀ ਰਿਲੇਟ ਕਰਨਗੇ ਸ਼ਹਿਰਾਂ ਵਾਲੇ ਨੌਜਵਾਨ ਜਿਹੜੇ ਨੇ ਉਹਨਾਂ ਨੂੰ ਮੈਂ ਦੱਸ ਦੇਵਾਂ ਕਿ ਜਦੋਂ ਪਿੰਡਾਂ ਦੇ ਵਿੱਚ ਜਾਂ ਘੋਲ ਹੁੰਦੇ ਨੇ ਤਾਂ ਉਦੋਂ ਪਹਿਲਵਾਨ ਆਉਂਦੇ ਨੇ ਇੱਕ ਪਿੰਡ ਦੇ ਵਿੱਚ ਸਰਕਲ ਬਣਦਾ ਪਹਿਲਵਾਨ ਅੰਦਰ ਘੁਲਣ ਵਾਸਤੇ ਤਿਆਰ ਹੁੰਦੇ ਨੇ ਤਿਆਰੀ ਕਰਦੇ ਨੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਇਸ ਸੰਸਾਰ ਨੂੰ ਉਹ ਅਖਾੜਾ ਦੱਸਦੇ ਪਏ ਨੇ ਉਹ ਛਿੰਝ ਦੱਸਦੇ ਪਏ ਇੱਥੇ ਸਾਰੀ ਪਹਿਲਵਾਨ ਨੇ ਪਰ ਸਾਡਾ ਮੇਲ ਸਾਡਾ ਵਾਦਾ ਕੀ ਹੋਇਆ ਜਾਂ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਕਹਿੰਦੇ ਮੇਰਾ ਵਾਧਾ ਕੀ ਹੋਇਆ ਮੈਨੂੰ ਗੁਰੂ ਮਿਲਿਆ ਸੀ ਇਸ ਕਰਕੇ ਰੁਤਬਾ ਸੀ।

ਸਤਿਗੁਰੂ ਬਾਲਕ ਸਿੰਘ ਸੱਚੇ ਪਾਤਸ਼ਾਹ ਜੀ ਉਪਦੇਸ਼ ਦਿੰਦੇ ਨੇ ਸਿੱਖ ਅਰਜ਼ ਕਰਦਾ ਪਾਤਸ਼ਾਹ ਕਿਸ ਅਵਸਥਾ ਦੇ ਵਿੱਚ ਸਿੱਖ ਨੂੰ ਰਹਿਣਾ ਚਾਹੀਦਾ ਸਤਿਗੁਰੂ ਪਾਤਸ਼ਾਹ ਕਹਿੰਦੇ ਨੇ ਸਹਿਜ ਅਵਸਥਾ ਦੇ ਵਿੱਚ।

ਪਹਿਲੀ ਗੱਲ ਨਿਰਮਾਣਤਾ ਦੂਜਾ ਸਹਿਜ ਅਵਸਥਾ ਦਾ ਗੁਣ ਹੈ ਸਹਿਣਸ਼ੀਲਤਾ ਮਾਫ ਕਰ ਦੇਣਾ ਇਹ ਵੱਡਾ ਗੁਣ ਹੈ ਤੁਸੀਂ ਉਸ ਦਾ ਨੁਕਸਾਨ ਕਰ ਸਕਦੇ ਹੋ ਤੇ ਤਾਂ ਵੀ ਨਾ ਕਰੋ ਇਹ ਵੱਡਾ ਗੁਣ ਹੈ ਕਿਸੇ ਨੂੰ ਮਾਫ ਕਰ ਦੇਣਾ ਦੂਸਰਾ ਹੈ ਸਹਿਣਸ਼ੀਲਤਾ ਸਭ ਕੁਝ ਸਹਿਣ ਕਰ ਜਾਣਾ ਇਹ ਸਿੱਖ ਦੇ ਵਿੱਚ ਹੋਣਾ ਚਾਹੀਦਾ ਤੇ ਤੀਸਰਾ ਸਤਿਗੁਰੂ ਪਾਤਸ਼ਾਹ ਸਤਿਗੁਰੂ ਬਾਲਕ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ ਕਿਹਾ ਕਿ ਆਤਮਿਕ ਸੰਤੁਲਨ ਹੋਣਾ ਚਾਹੀਦਾ ਸਹਿਜ ਅਵਸਥਾ ਦਾ ਤੀਜਾ ਗੁਣ ਇਹ ਹੈ ਜਿਹੜਾ ਸਿੱਖ ਦੇ ਅੰਦਰ ਆਉਣਾ ਚਾਹੀਦਾ ਸਿੱਖ ਨੂੰ ਪਤਾ ਹੋਣਾ ਚਾਹੀਦਾ ਇਹ ਮੈਂ ਵਿਹਾਰ ਕਰ ਰਿਹਾ ਤਾਂ ਵਿਹਾਰ ਕਰਦਿਆਂ ਹੋਇਆਂ ਮੈਨੂੰ ਪਰਮੇਸ਼ਰ ਕਿਸ ਤਰ੍ਹਾਂ ਯਾਦ ਰਵੇ ਜਦੋਂ ਵਿਹਾਰ ਕਰਕੇ ਮੈਂ ਵਿਹਲਾ ਹੋਵਾਂ ਮੈਂ ਕਿੰਨਾ ਸਮਾਂ ਉਸਦੀ ਬੰਦਗੀ ਦੇ ਵਿੱਚ ਗੁਜ਼ਾਰਨਾ ਇਹ ਗੱਲ ਦਾ ਪਤਾ ਹੋਵੇ ਇਹ ਆਤਮਿਕ ਸੰਤੁਲਨ ਹੋਵੇ ਉਸ ਦੇ ਅੰਦਰ ਜੇ ਇਹ ਤਿੰਨੇ ਚੀਜ਼ਾਂ ਆ ਜਾਣਗੀਆਂ ਤੇ ਸਤਿਗੁਰੂ ਬਾਲਕ ਸਿੰਘ ਸੱਚੇ ਪਾਤਸ਼ਾਹ ਆਖਿਆ ਉਹ ਸਹਿਜ ਅਵਸਥਾ ਨੂੰ ਪ੍ਰਾਪਤ ਹੋ ਜਾਏਗਾ ਜਿਹੜਾ ਸਿੱਖ ਸਹਿਜ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਉਹ ਸਭ ਤੋਂ ਵੱਡਾ ਉੱਚੀ ਪਦਵੀ ਜਿਹੜੀ ਹੈ ਉਹ ਪ੍ਰਾਪਤ ਕਰ ਲੈਂਦਾ।

**ਦੁਪਹਿਰ ਦੇ ਦੀਵਾਨ–** ਦੀਵਾਨਾਂ ਦੀ ਸ਼ੁਰੂਆਤ 11 ਵਜੇ ਤੋਂ ਜਥੇ. ਸੁਰਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਨੇ ਕੀਤੀ।

ਜ. ਬਲਦੇਵ ਸਿੰਘ ਲੁਧਿਆਣਾ, ਜ. ਬਲਬੀਰ ਸਿੰਘ ਜੀ ਨੇ ਆਪਣੇ-ਆਪਣੇ ਢੰਗ ਨਾਲ ਸੰਗਤਾਂ ਨੂੰ ਗੁਰੂ ਕਾ ਜੱਸ ਸਰਵਣ ਕਰਵਾਇਆ। ਜ. ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਪ੍ਰਮਾਤਮਾ ਦੇ ਸਰਗੁਣ ਸਰੂਪ ਦੀ ਮਹਾਨਤਾ ਅਤੇ ਲੋੜ ਦੱਸਦਿਆਂ ਆਪਣੇ ਪ੍ਰਕਰਣ ਨੂੰ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ।

**ਨਿਤਨੇਮ ਤੋਂ ਬਾਅਦ** ਕੀਰਤਨ ਰਾਗੀ ਸਤਨਾਮ ਸਿੰਘ, ਹਰਵਿੰਦਰ ਸਿੰਘ, ਈਸ਼ਰ ਸਿੰਘ, ਹਰਨਾਮ ਸਿੰਘ ਤੇ ਬਸੰਤ ਸਿੰਘ ਦੇ ਜਥੇ ਵਲੋਂ ਕੀਤਾ ਗਿਆ ਪਹਿਲਾ ਸ਼ਬਦ ਧਰੁਪਦ ਰੀਤ ਵਿੱਚ "ਛੀਰ ਕੈਸੀ ਛੀਰਾਵਧ" ਗਾਇਨ ਕੀਤਾ ਤੇ ਦੂਜਾ ਸ਼ਬਦ "ਬਿਸਰਤ ਨਾਹਿ ਮਨ ਤੇ ਹਰੀ" ਗਾਇਨ ਕੀਤਾ।

**ਸ਼ਾਮ ਦੇ ਦੀਵਾਨ-** ਸ਼ਾਮ ਦੇ ਦੀਵਾਨਾਂ ਦੀ ਸ਼ੁਰੂਆਤ ਕਵੀਸ਼ਰ ਨਰਿੰਦਰਪਾਲ ਅਬੁਲ ਖੁਰਾਣਾ ਦੇ ਜਥੇ ਨੇ ਕਵੀਸ਼ਰੀ ਦੇ ਰੂਪ ਵਿੱਚ ਕੀਤੀ ਤੇ ਬਾਅਦ ਵਿੱਚ ਰਾਗੀ ਮਨਜੀਤ ਸਿੰਘ ਹੁਰਾਂ ਨੇ ਦੀਵਾਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਨੌਜਵਾਨ ਜਥੇਦਾਰ ਜਸਵੰਤ ਸਿੰਘ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ ਵਰਨਣ ਸੰਗਤਾਂ ਨੂੰ ਸੁਣਾਇਆ।

**14-3-2025-** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਰਮੁੱਖ ਸਿੰਘ, ਕ੍ਰਿਪਾਲ ਸਿੰਘ, ਗੁਰਦਿੱਤ ਸਿੰਘ, ਸ਼ਾਮ ਸਿੰਘ ਦੇ ਜਥੇ ਵਲੋਂ ਕੀਤਾ ਗਿਆ। ਆਸਾ ਦੀ ਵਾਰ ਦੇ ਭੋਗ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਸੰਗਤਾਂ ਨੂੰ ਸੰਬੋਧਨ ਹੋਏ।

**ਸੰਤ ਨਿਸ਼ਾਨ ਸਿੰਘ-** ਰੰਗਾਂ ਦਾ ਤਿਉਹਾਰ ਹੋਲੀ ਜਿਸ ਦਾ ਪਿਛੋਕੜ ਸਤਯੁਗ ਵਿੱਚ ਭਗਤ ਪ੍ਰਹਿਲਾਦ ਜੀ ਦੀ ਪਰਮੇਸ਼ਰ ਵੱਲੋਂ ਅਕਾਲ ਪੁਰਖ ਵੱਲੋਂ ਕੀਤੀ ਹੋਈ ਰੱਖਿਆ ਨਾਲ ਜਾ ਜੁੜਦਾ ਹੈ ਜਦੋਂ ਅਸੀਂ ਇਸ ਇਤਿਹਾਸ ਨੂੰ ਵਾਚਦੇ ਹਾਂ ਤਾਂ ਇਹ ਤਿਉਹਾਰ ਕੇਵਲ ਤੇ ਕੇਵਲ ਬਾਹਰੀ ਰੰਗਾਂ ਦਾ ਤਿਉਹਾਰ ਨਹੀਂ ਹੈ ਅਸਲ ਵਿੱਚ ਇਹ ਓਸ ਮਜੀਠੀ ਰੰਗ ਦੀ ਗੱਲ ਹੈ। "ਜਲੈ ਨ ਡੂਬੈ ਗੁਰ ਪ੍ਰਸਾਦਿ" ਗੁਰੂ ਕਿਰਪਾ ਸਦਕਾ ਜਿਹੜਾ ਉਹ ਰੰਗ ਚੜਿਆ ਸੀ ਉਸ ਰੰਗ ਦਾ ਸਦਕਾ ਉਹ ਬਾਣੀ ਡੋਬ ਨਾ ਸਕਿਆ ਅੱਗ ਸਾੜ ਨਾ ਸਕੀ। ਹਰ ਤਰ੍ਹਾਂ ਦੇ ਕਸ਼ਟ ਦੁੱਖ ਦੇਣ ਦਾ ਯਤਨ ਕੀਤਾ ਗਿਆ ਪਰ ਉਸ ਅਕਾਲ ਪੁਰਖ ਸਤਿਗੁਰੂ ਦੀ ਕਿਰਪਾ ਨਾਲ ਉਸ ਨਾਮ ਦੀ ਰੰਗਣ ਦਾ ਸਦਕਾ ਉਹ ਫਿਰ ਵੀ ਇਹੀ ਕਹਿੰਦਾ ਰਿਹਾ ਸਾਰੇ ਸੰਸਾਰ ਦੇ ਲੋਕਾਂ ਨੂੰ ਕਿ ਆਓ ਰਾਮ ਜਪੀਏ ਆਓ ਨਾਮ ਸਿਮਰਨ ਕਰੀਏ ਉਸ ਦਾ ਰਾਮ ਦਾ ਸਿਮਰਨ ਛਡਾ ਨਾ ਸਕੇ ਉਸ ਵੇਲੇ ਦੇ ਕਸ਼ਟ ਉਸ ਵੇਲੇ ਦਾ ਰਾਜਭਾਗ ਉਸਦਾ ਪਰਿਵਾਰ ਸਾਰੇ ਜਿੰਨੇ ਲੋਕ ਸਨ ਉਸ ਦੇ ਖਿਲਾਫ ਹੋਏ ਪਏ ਸਨ ਪਰ ਉਸ ਦੇ ਉਸ ਰੰਗ ਨੂੰ ਉਤਾਰ ਨਾ ਸਕੇ। ਉਹੀ ਰੰਗ ਜਿਹੜਾ ਸੀ ਉਹ ਸੰਸਾਰ ਵਿੱਚ ਪ੍ਰਗਟ ਹੋਇਆ ਔਰ ਹੋਲਿਕਾ ਜਿਹੜੀ ਸੀ ਉਹ ਦਹਨ ਹੋ ਗਈ। ਪਰਮੇਸ਼ਰ ਅਕਾਲ ਪੁਰਖ ਜੀ ਵੱਲੋਂ ਨਰ ਸਿੰਘ ਰੂਪ ਧਾਰਨ ਕਰਕੇ ਹਰਨਾਕਸ਼ ਦਾ ਵੱਧ ਕਰ ਦਿੱਤਾ ਗਿਆ। ਸਮੇਂ ਦੇ ਲਿਹਾਜ਼ ਨਾਲ ਜਦੋਂ ਇਸ ਤਰ੍ਹਾਂ ਦੀ ਗਿਰਾਵਟ ਆਈ ਤਾਂ ਫਿਰ ਗੁਰੂ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕਿਰਪਾ ਕੀਤੀ ਇਸ ਹੋਲੀ ਨੂੰ ਬਦਲ ਕੇ ਹੋਲੇ ਮਹੱਲੇ ਦਾ ਰੂਪ ਦਿੱਤਾ। ਹੋਲੇ ਮਹੱਲੇ ਦਾ ਰੂਪ ਵੀ ਮੈਂ ਇੱਕ ਅਰਜ਼ ਕਰ ਦਿਆਂ ਕਿ ਮਹੱਲਾ ਦਾ ਅਰਥ ਬੇਸ਼ੱਕ ਇਹ ਕੀਤਾ ਜਾਂਦਾ ਹੈ ਕਿ ਧਾਵਾ ਕਰਨਾ ਪਰ ਇਹ ਧਾਵਾ ਵੀ ਕੋਈ ਬਾਹਰੀ ਧਾਵਾ ਨਹੀਂ ਹੈ ਜਦੋਂ ਅਸੀਂ ਗੁਰਬਾਣੀ ਨੂੰ ਗੁਰੂ ਸਿਧਾਂਤਾਂ ਨੂੰ ਵਾਚਦੇ ਹਾਂ ਸਤਿਗੁਰੂ ਜੀ ਦੀ ਫਿਲਾਸਫੀ ਨੂੰ ਵੇਖਦੇ ਹਾਂ ਤਾਂ ਉੱਥੇ ਕਿਤੇ ਵੀ ਇਸ ਤਰ੍ਹਾਂ ਦੀ ਗੱਲ ਨਹੀਂ ਆਉਂਦੀ "ਖਾਲਸਾ ਸੋ ਜੋ ਚੜ੍ਹੈ ਤੁਰੰਗ ਖਾਲਸਾ ਸੋ ਜੋ ਕਰੇ ਨਿਤ ਜੰਗ" ਨਿਤ ਜੰਗ ਜਿਹੜਾ ਹੈ ਉਹ ਕੇਵਲ ਤੇ ਕੇਵਲ ਮਨ ਹੀ ਨਾਲ ਝਗੜਾ ਹੋ ਸਕਦਾ ਬਾਹਰੀ ਰੂਪ ਵਿੱਚ ਨਿਤ ਜੰਗ ਹੋ ਹੀ ਨਹੀਂ ਸਕਦਾ।

ਫਿਰ ਗਰੀਬ ਨਿਵਾਜ ਸੱਚੇ ਪਾਤਸ਼ਾਹ ਜੀ ਨੇ ਉਸ ਨਾਮ ਦੀ ਰੰਗਣ ਚਾੜ੍ਹੀ ਅਤੇ ਉਹ ਲੋਕ ਪੈਦਾ ਕੀਤੇ ਜਿਨਾਂ ਨੇ ਹੋਲੀਆਂ ਕੇਵਲ ਰੰਗਾਂ ਦੀਆਂ ਨਹੀਂ ਖੇਡੀਆਂ ਆਪਣੇ ਖੂਨ ਦੇ ਰੰਗਾਂ ਦੀਆਂ ਖੇਡੀਆਂ ਉਹ ਖੇਡੀਆਂ ਤੋਪਾਂ ਦੇ ਸਾਹਮਣੇ ਉਹ ਪਿਚਕਾਰੀਆਂ ਦੇ ਸਾਹਮਣੇ ਹੋ ਕੇ ਉਹਨਾਂ ਨੇ ਆਪਣੇ ਸਰੀਰ ਤੇ ਰੰਗ ਨਹੀਂ ਪਵਾਇਆ ਬਲਕਿ ਤੋਪਾਂ ਦੇ ਸਾਹਮਣੇ ਤੋਪਾਂ ਦੇ ਗੋਲਿਆਂ ਦੀਆਂ ਪਿਚਕਾਰੀਆਂ ਸਹਿ ਕੇ ਆਪਣੇ ਸਰੀਰ ਦਾ ਖੂਨ ਜਿਹੜਾ ਸੀ ਉਹ ਵਹਾ ਕੇ ਇਸ ਧਰਤੀ ਨੂੰ ਰੰਗਲੀ ਰੰਗੀਲੀ ਬਣਾ ਦਿੱਤਾ ਔਰ ਜਿਹੜਾ ਇਹ ਗੁਲਾਮੀ ਦਾ ਕਲੰਕ ਲੱਗਿਆ ਹੋਇਆ ਸੀ ਉਸ ਨੂੰ ਧੋ ਸੁੱਟਿਆ ਇਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਛੇ ਹੋਲੇ ਉਹਨਾਂ ਨੇ ਆਪਣੇ ਸਮੇਂ 'ਚ ਕੀਤੇ ਸਤਿਗੁਰੂ ਬਾਲਕ ਸਿੰਘ ਸੱਚੇ ਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੇ ਪ੍ਰਦੇਸ਼ ਗਮਨ ਤੋਂ ਬਾਅਦ 18 ਕੁ ਸਾਲ ਬਾਅਦ ਗਰੀਬ ਨਿਵਾਜ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦਾ ਪਵਿੱਤਰ ਆਗਮਨ ਇਸ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਹੋਇਆ ਜਿਨਾਂ ਨੇ ਇੱਕ ਨਹੀਂ ਦੋ ਨਹੀਂ ਮੈਂ ਇਹ ਕਹਿ ਸਕਦਾ ਹਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੇ ਇੱਥੇ ਰਹਿਣ ਦੇ ਸਮੇਂ ਤੋਂ ਬਾਅਦ ਨਾਮਧਾਰੀ ਪੰਥ ਦੇ ਪ੍ਰਚਾਰ ਦਾ ਪੀਕ ਟਾਈਮ ਹੈ। ਉਹਨਾਂ ਨੇ

ਬਹੁਤ ਜਿਆਦਾ ਸਿੱਖੀ ਦਾ ਫੈਲਾਓ ਕੀਤਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਜਿੱਥੇ ਬਾਹਰੀ ਰੰਗ ਲੱਗੇ ਜਿਹੜੀ ਕੌਮ ਜਿਹੜਾ ਪੰਥ ਬਹੁਤ ਪਿੱਛੇ ਰਹਿ ਚੁੱਕਿਆ ਹੋਇਆ ਸੀ ਉਸ ਨੂੰ ਮਾਇਆ ਦਾ ਧਨ ਦਾ ਰੰਗ ਬਖਸ਼ ਕੇ ਆਨੰਦ ਬਖਸ਼ ਕੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਜਿੱਥੇ ਬਾਹਰੀ ਰੂਪ 'ਚ ਧੰਨਵਾਨ ਬਣਾਇਆ ਉੱਥੇ ਨਾਲ ਦੀ ਨਾਲ ਉਸ ਹਰੀ ਰੰਗ ਨੂੰ ਵੀ ਦ੍ਰਿੜ ਕੀਤਾ ਜਿਸ ਬਾਰੇ ਸਤਿਗੁਰੂ ਜੀ ਕਹਿੰਦੇ ਨੇ ਗੁਰ ਤੁਠੈ ਹਰਿ ਰੰਗ ਚਾੜਿਆ ਫਿਰ ਬਹੁ ਨ ਹੋਵੀ ਭੰਗ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਇਸ ਹੋਲੇ ਮਹੱਲੇ ਨੂੰ ਸਾਡੇ ਹਿਰਦਿਆਂ ਦੇ ਵਿੱਚ ਦ੍ਰਿੜ ਕਰਕੇ ਉਸ ਨਾਮ ਰੰਗ ਦੀ ਰੰਗਣ ਜਿਹੜੀ ਸੀ ਉਹ ਅਨੇਕਾਂ ਕਰੋੜਾਂ ਸਿੱਖਾਂ ਦੇ ਮਨ ਵਿੱਚ ਲਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਾਡੇ ਤੇ ਬਖਸ਼ਿਸ਼ਾਂ ਕੀਤੀਆਂ ਉਹਨਾਂ ਦੇ ਪਾਵਨ ਚਰਨਾਂ ਵਿੱਚ ਨਮਸਕਾਰ ਕਰਦਾ ਹੋਇਆ ਮੈਂ ਇੱਥੇ ਹੀ ਖਿਮਾ ਦਾ ਜਾਚਕ ਹਾਂ।

**ਦੁਪਹਿਰ ਦੇ ਦੀਵਾਨ–** ਜ. ਰਾਜਾ ਸਿੰਘ ਦਿੱਲੀ ਨੇ ਦੁਪਹਿਰ ਦੇ ਦੀਵਾਨਾਂ ਦੀ ਸ਼ੁਰੂਆਤ ਕੀਤੀ। ਕਵੀਸ਼ਰ ਮੱਖਣ ਸਿੰਘ ਮੱਲੇਕਾ ਅਤੇ ਸੂਬਾ ਸੰਦੀਪ ਸਿੰਘ ਹੁਰਾਂ ਨੇ ਆਪਣੇ-ਆਪਣੇ ਸਮੇਂ ਅਨੁਸਾਰ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜੀ ਰੱਖਿਆ। ਜ. ਗੁਰਲਾਲ ਸਿੰਘ ਹੁਰਾਂ ਨੇ "ਜਾ ਕੇ ਮਨ ਗੁਰ ਕੀ ਪ੍ਰਤੀਤ" ਟੇਕ ਤੋਂ ਆਪਣੇ ਦੀਵਾਨ ਦੀ ਸ਼ੁਰੂਆਤ ਕੀਤੀ। ਗੁਰੂ ਤੇ ਪ੍ਰੀਤ ਤੇ ਵਿਸ਼ਵਾਸ ਹੀ ਸਿੱਖੀ ਜੀਵਨ ਦੀ ਅਸਲ ਕਮਾਈ ਹੈ। ਇਸ ਪ੍ਰਕਰਣ 'ਤੇ ਸੰਗਤਾਂ ਨਾਲ ਆਪਣੇ ਸਮੇਂ ਵਿਚ ਸੰਗਤਾਂ ਨਾਲ ਵਿਚਕਰ ਸਾਂਝ ਪਾਈ। ਨਿਤਨੇਮ ਤੋਂ ਬਾਅਦ ਨਾਮਧਾਰੀ ਕਲਾ ਕੇਂਦਰ ਦੇ ਬੱਚਿਆਂ ਨੇ ਰਾਗੀ ਬਲਵੰਤ ਸਿੰਘ ਹੁਰਾਂ ਦੀ ਅਗੁਵਾਈ ਵਿਚ ਕੀਰਤਨ ਸ਼ੁਰੂ ਕੀਤਾ। ਕਾਕਾ ਗੁਰਦੇਵ ਸਿੰਘ, ਆਤਮਾ ਸਿੰਘ, ਆਸਾ ਸਿੰਘ, ਇੰਦਰ ਸਿੰਘ, ਮਹਿਤਾਬ ਸਿੰਘ, ਸੰਤਾ ਸਿੰਘ ਗਾਇਨ ਅਤੇ ਤਬਲੇ ਤੇ ਸੰਗਤ ਹਰਨਾਮ ਸਿੰਘ ਨੇ ਕੀਤੀ। ਸਭ ਤੋਂ ਪਹਿਲਾ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਬਣਾਈ ਰੀਤ "ਮਾਘ ਬਿਤੀਤ ਭਏ ਰੁਤਿ ਫਾਗੁਨ ਆਇ ਗਈ ਸਭ ਖੇਲਤ ਹੋਰੀ" ਗਾਇਨ ਸ਼ੁਰੂ ਕੀਤਾ ਅਤੇ ਸਤਿਗੁਰੂ ਜੀ ਦੀਆਂ ਹੋਰ ਰਚਨਾਵਾਂ ਗਾ ਕੇ ਸਮਾਪਤੀ ਕੀਤੀ।

**ਸ਼ਾਮ ਦੇ ਦੀਵਾਨ–** ਸ਼ਾਮ ਦੇ ਦੀਵਾਨਾਂ ਦੀ ਸ਼ੁਰੂਆਤ ਸੂਬਾ ਬਲਵਿੰਦਰ ਸਿੰਘ ਚੱਕਯਕੂਬ ਹੁਰਾਂ ਨੇ ਕੀਤੀ। ਨੌਜਵਾਨ ਜਥੇਦਾਰ ਕਿਰਪਾ ਸਿੰਘ ਨੇ ਆਪਣੀ ਮਨਮੋਹਕ ਸ਼ੈਲੀ ਨਾਲ ਸੰਗਤ ਨੂੰ ਗੁਰ ਇਤਿਹਾਸ ਨਾਲ ਜੋੜਿਆ। ਸੂਬਾ ਅਜੀਤ ਸਿੰਘ ਬਟਾਲਾ ਨੇ ਉੱਚੀਆਂ ਸੁਰਾਂ ਤੇ ਪ੍ਰਹਿਲਾਦ ਭਗਤ ਦਾ ਪ੍ਰਸੰਗ ਸੁਣਾਇਆ। ਦਿਨ ਦਾ ਅਖੀਰੀ ਦੀਵਾਨ ਜ. ਮਨਮੋਹਨ ਸਿੰਘ ਯੁਮਨਾ ਨਗਰ ਨੇ ਲਗਾਇਆ ਤੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਵਾਇਆ।

**15-3-2025–** ਅੰਮ੍ਰਿਤ ਵੇਲੇ ਉਸਤਾਦ ਹਰਜਿੰਦਰ ਸਿੰਘ ਹੁਰਾਂ ਨੇ ਜਦੋਂ ਸੰਤੂਰ ਵਾਦਨ ਸ਼ੁਰੂ ਕੀਤਾ ਤਾਂ ਐਵੇਂ ਮਹਿਸੂਸ ਹੁੰਦਾ ਸੀ ਕਿ ਸਵਰਗ ਦਾ ਨਜ਼ਾਰਾ ਵੀ ਇਸ ਸਤਸੰਗ ਤੋਂ ਚੰਗਾ ਨਹੀਂ ਹੋਵੇਗਾ। ਰਾਗੀ ਬਲਵੰਤ ਸਿੰਘ, ਸਤਨਾਮ ਸਿੰਘ, ਕਿਰਪਾਲ ਸਿੰਘ, ਹਰਵਿੰਦਰ ਸਿੰਘ, ਹਰਪ੍ਰੀਤ ਸਿੰਘ ਸੋਨੂੰ ਹੁਰਾਂ ਨੇ ਜਦੋਂ ਸ਼ਬਦ ਸ਼ੁਰੂ ਕੀਤਾ "ਜਾਗੁ ਰੇ ਮਨ ਜਾਗਨ ਹਾਰੇ" ਤਾਂ ਇੰਝ ਮਹਿਸੂਸ ਹੁੰਦਾ ਸੀ ਕੁਲ ਕਾਇਨਾਤ ਜਾਗ ਉਠੀ ਹੋਵੇ। ਆਸਾ ਦੀ ਵਾਰ ਦੇ ਭੋਗ ਉਪਰੰਤ ਸੇਵਕ ਹਰਪਾਲ ਸਿੰਘ ਹੁਰੀਂ ਸੰਗਤਾਂ ਨੂੰ ਸੰਬੋਧਨ ਹੋਏ।

**ਸੇਵਕ ਹਰਪਾਲ ਸਿੰਘ–** ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਆਪਣੇ ਸਮੇਂ ਵਿੱਚ ਉਹਨਾਂ ਦੀ ਲੀਲਾ ਉਹਨਾਂ ਦੀ ਬਖਸ਼ਿਸ਼ ਹੈ ਸਿੱਖੀ ਨੂੰ ਸੰਭਾਲਣ ਵਾਸਤੇ ਆਪਣੇ ਢੰਗ ਨਾਲ ਸਮੇਂ ਦੀ ਲੋੜ ਅਨੁਸਾਰ ਉਹ ਜਿਸ ਤਰ੍ਹਾਂ ਵੀ ਕਿਰਪਾ ਕਰਦੇ ਨੇ ਉਹ ਅਹਿਮ ਹੁੰਦੀ ਹੈ ਜੇ ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ ਸੀ ਸਿੱਖੀ ਨੂੰ ਪੁਨਰ ਸੁਰਜੀਤ ਕੀਤਾ ਜੇ ਸਤਿਗੁਰੂ ਹਰੀ ਸਿੰਘ ਜੀ ਦਾ ਸਮਾਂ ਤੇ ਉਸ ਸਮੇਂ ਵਿੱਚ ਜਦੋਂ ਝੱਖੜ ਝੁੱਲ ਰਹੇ ਨੇ ਉਸ ਵੇਲੇ ਸਿੱਖੀ ਦੀ ਜੋਤ ਨੂੰ ਜਗਦੀ ਰੱਖਿਆ ਸਿੱਖੀ ਨੂੰ ਟੁੱਟਨੋ ਬਚਾ ਕੇ ਰੱਖਿਆ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਸਮੇਂ ਵਿੱਚ ਜੇ ਅਸੀਂ ਵੇਖਦੇ ਹਾਂ ਤੇ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਕਿ ਇਸ ਤੋਂ ਪਹਿਲੋਂ ਸਿੱਖ ਇਤਿਹਾਸ ਵਿੱਚ ਵੀ ਕਦੇ ਵੀ ਨਾਮ ਬਾਣੀ ਦੇ ਇੰਨੇ ਮਹਾਨ ਜਪ ਤਪ ਇਨੇ ਮਹਾਨ ਯੱਗ ਨਹੀਂ ਹੋਏ ਕਿ ਲੱਖਾਂ ਦੀ ਗਿਣਤੀ ਵਿੱਚ ਪਾਠ ਹੋਏ ਹੋਣ ਸਤਿਗੁਰੂ ਹਰੀ ਸਿੰਘ ਜੀ ਵੇਲੇ ਸਖਤੀਆਂ ਵਿੱਚ ਵੀ ਪਾਠ ਹੁੰਦੇ ਰਹੇ ਨਾਮ ਬਾਣੀ ਹੁੰਦਾ ਰਿਹਾ ਨਾਮਧਾਰੀਆਂ ਨੇ ਪਾਠ ਕਰਨ ਦੀਆਂ ਸਜ਼ਾਵਾਂ ਭੁਗਤੀਆਂ ਜੇਲਾਂ ਭੁਗਤੀਆਂ ਸ਼ਹੀਦ ਹੋਏ ਉਸ ਔਖੇ ਸਮੇਂ ਵਿੱਚ ਨਹੀਂ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਸੁਖਾਵਾਂ ਸਮਾਂ ਆਇਆ।

ਦੋ ਵਾਰੀ ਸਵਾ ਸਵਾ ਲੱਖ ਸਧਾਰਨ ਅਤੇ ਗ੍ਰੰਥ ਸਾਹਿਬ ਦੇ ਕਿੰਨੇ ਹੀ ਅਖੰਡ ਪਾਠ ਆਦਿ ਗ੍ਰੰਥ ਸਾਹਿਬ ਦੇ ਦਸਮ ਗ੍ਰੰਥ ਸਾਹਿਬ ਦੇ ਪੁਰਾਤਨ ਰੀਤਾ ਸੰਗੀਤ ਦੀਆਂ ਸੰਭਾਲੀਆਂ ਕੀਰਤਨ ਦੀਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਭਾਲੀਆਂ ਪਰ ਜਦੋਂ 1959 ਵਿੱਚ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ ਇਸ ਪੰਥ ਦੀ ਵਾਗਡੋਰ ਸੰਭਾਲੀ ਪੰਥ ਦੀ ਸੇਵਾ ਸੰਭਾਲੀ ਉਸ ਵੇਲੇ ਦਾ ਸਮਾਂ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰੀਬ ਅੱਧੀ ਸਦੀ ਤੋਂ ਵੱਧ

50 ਸਾਲਾਂ ਤੋਂ ਇੰਨੇ ਸਮੇਂ ਵਿੱਚ ਵੱਡੀਆਂ ਤਬਦੀਲੀਆਂ ਆਈਆਂ ਕਵੀ ਪ੍ਰੀਤਮ ਸਿੰਘ ਜੀ ਨੇ ਇੱਕ ਪੁਸਤਕ ਲਿਖੀ ਸੀ ਛੋਟੀ ਜਿਹੀ ਸਤਿਗੁਰੂ ਜਗਜੀਤ ਸਿੰਘ ਇੱਕ ਪਰਿਵਰਤਨ। ਹਰ ਇੱਕ ਸਤਿਗੁਰੂ ਜੀ ਕਿਰਪਾ ਕਰਦਾ ਆਪਣੇ ਸਮੇਂ ਵਿੱਚ ਸਮੇਂ ਦੀ ਲੋੜ ਅਨੁਸਾਰ ਪਰਿਵਰਤਨ ਲਿਆਉਂਦਾ ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ ਇਸ ਤਰ੍ਹਾਂ ਦੇ ਪਰਿਵਰਤਨ ਆਏ ਇਸ ਤਰ੍ਹਾਂ ਦੀਆਂ ਤਬਦੀਲੀਆਂ ਆਈਆਂ ਕਿ ਸਭ ਤੋਂ ਪਹਿਲਾਂ ਤੇ ਜਿਹੜਾ ਸਤਿਗੁਰ ਹਰਿ ਹਰਿ ਨਾਮ ਦ੍ਰਿੜਾਵੈ, ਨਾਮ ਜਪਣਾ ਤੇ ਜਪਾਉਣਾ, "ਆਪ ਜਪੇ ਅਵਰਾ ਨਾਮੁ ਜਪਾਵੈ" ਉਸ ਗੁਰਵਾਕ ਨੂੰ ਸਾਕਾਰ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਕਿ ਜਿਹੜੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਤੋਂ ਰੀਤ ਚਲਦੀ ਆ ਰਹੀ ਸੀ ਨਾਮ ਬਾਣੀ ਦੇ ਮਹਾਨ ਯੱਗ ਕਰਵਾਉਣ ਦੀ ਉਹਨੂੰ ਉਸੇ ਤਰ੍ਹਾਂ ਜਾਰੀ ਰੱਖਦਿਆਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨੇ ਦੋ ਅਖੰਡ ਵਰਨੀਆਂ ਸ਼ੁਰੂ ਕੀਤੀਆਂ ਇਸ ਤੋਂ ਪਹਿਲੋਂ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਵੀ ਕਦੇ ਸ਼ੁਰੂ ਨਹੀਂ ਹੋਈਆਂ ਉਸ ਤੋਂ ਬਾਅਦ ਜਦੋਂ ਮਸਤਾਨਗੜ੍ਹ ਅਬਾਦ ਕਰਨ ਲੱਗੇ 1967 ਵਿੱਚ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਉੱਥੇ ਵਰਨੀ ਸ਼ੁਰੂ ਕੀਤੀ ਧੂਪ ਦੀਪ ਕੁੰਭ ਸੰਯੁਕਤ ਉਸ ਤੋਂ ਬਾਅਦ ਸੱਚੇ ਪਾਤਸ਼ਾਹ 1969 ਵਿੱਚ ਹੋਲਾ ਮਹੱਲਾ ਹੋਇਆ ਮਠਡੇ ਕਲਾਂ। ਗੁਰਚਰਨ ਸਿੰਘ ਹੋਰੀ ਸੰਤ ਤਰਸੇਮ ਸਿੰਘ ਹੋਰੀ ਇਹ ਉਸ ਹੋਲੇ ਮਹੱਲੇ ਤੇ ਹੀ ਉਸ ਤੋਂ ਥੋੜਾ ਚਿਰ ਪਹਿਲੋਂ ਇਨਾਮਧਾਰੀ ਬਣੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਆਏ ਉੱਥੇ ਵੀ ਮੁਠੱਡੇ ਕਲਾਂ ਜਿਹਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਡਿਊੜੀ ਆਖਿਆ ਜਾਂਦਾ ਉੱਥੇ ਵੀ ਇਹਨਾਂ ਨੇ ਕੌਤਕ ਵੇਖਿਆ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਬਣੇ ਪੂਰੀ ਤਰ੍ਹਾਂ ਪੱਕੇ ਸਿੱਖ ਬਣ ਗਏ ਉਸ ਹੋਲੇ ਮਹੱਲੇ ਤੋਂ ਪਹਿਲੋਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਮੁਠੱਡੇ ਕਲਾਂ ਦੇ ਸਿੱਖਾਂ ਨੂੰ ਹੁਕਮ ਕੀਤਾ ਕਿ ਆਪਾਂ ਹੋਲੇ ਮਹੱਲੇ ਦੀ ਸਫਲਤਾ ਲਈ ਨਾਮ ਸਿਮਰਨ ਦੀ ਵਰਨੀ ਸ਼ੁਰੂ ਕਰਨੀ ਹੈ ਜਿਹੜੀ ਹੋਲੇ ਮਹੱਲੇ ਵਾਸਤੇ ਇੱਕ ਸਾਲ ਚੱਲੇ ਉਹਨਾਂ ਨੇ ਅਰਜ ਕੀਤੀ ਸੱਚੇ ਪਾਤਸ਼ਾਹ ਇੱਕ ਸਾਲ ਤੇ ਬਹੁਤ ਔਖਾ ਹੋਏਗਾ ਪ੍ਰਬੰਧ ਕਰਨਾ ਆਪ ਜੀ ਕਿਰਪਾ ਕਰੋ ਮਹੀਨਾ ਕੁ ਪਹਿਲੋਂ ਚਲਾ ਲਈਏ ਸੱਚੇ ਪਾਤਸ਼ਾਹ ਹੁਕਮ ਕੀਤਾ ਤੁਸੀਂ ਇਸ ਤਰ੍ਹਾਂ ਕਰੋ ਤੁਸੀਂ ਉੱਥੇ ਜਾ ਕੇ ਤਿਆਰੀ ਕਰੋ ਮੈਂ ਅੱਜ ਹੀ ਆਉਂਦਾ ਵਾਂ ਕੁਝ ਸਿੰਘ ਮੈਂ ਲੈ ਕੇ ਆਵਾਂਗਾ ਅੱਜ ਹੀ ਵਰਨੀ ਸ਼ੁਰੂ ਕਰਨੀ ਆ। ਸਾਧ ਸੰਗਤ ਜੀ ਸੱਚੇ ਪਾਤਸ਼ਾਹ ਇਹੋ ਜਿਹੀ ਕਿਰਪਾ ਕਰਦੇ ਸੀ ਜਿਹੜਾ ਕਾਰਜ ਕਰਨਾ ਉਹ ਸੱਚੇ ਪਾਤਸ਼ਾਹ ਬਣੇ ਸਮਰੇ ਰਾਹ ਤੇ ਨਹੀਂ ਚੱਲੇ ਸੱਚੇ ਪਾਤਸ਼ਾਹ ਜਿੱਧਰ ਵੀ ਚਲੇ ਰਸਤੇ ਬਣਦੇ ਗਏ ਤੇ ਜੇ ਕੋਈ ਔਖਾ ਕੰਮ ਹੋਵੇ ਸੱਚੇ ਪਾਤਸ਼ਾਹ ਹੁਕਮ ਕਰਨਾ ਸਵਾਦ ਹੀ ਉਹ ਕੰਮ ਕਰਨ ਦਾ ਹੁੰਦਾ ਜਿਹਦੇ ਵਿੱਚ ਵੱਡੇ ਅੜਿੱਕੇ ਪੈਂਦੇ ਹੋਣ ਸੱਚੇ ਪਾਤਸ਼ਾਹ ਉਸੇ ਦਿਨ ਹੀ ਵਰਨੀ ਸ਼ੁਰੂ ਕੀਤੀ ਤੇ ਉਸ ਤੋਂ ਬਾਅਦ ਇਹ ਪਰੰਪਰਾ ਚਲਾ ਦਿੱਤੀ ਕਿ ਹਰ ਹੋਲੇ ਮਹੱਲੇ ਤੋਂ ਪਹਿਲਾਂ ਇੱਕ ਸਾਲ ਲਈ ਉਸ ਇਲਾਕੇ ਦੀ ਸੰਗਤ ਵੱਲੋਂ ਜਿਨਾਂ ਵੱਲੋਂ ਹੋਲਾ ਹੋ ਰਿਹਾ ਹੋਏਗਾ ਇਹ ਵਰਨੀ ਸ਼ੁਰੂ ਕੀਤੀ।

ਸਾਧ ਸੰਗਤ ਜੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ ਨਾਮਧਾਰੀ ਪੰਥ ਦਾ ਸਵਰਨ ਯੋਗ ਆਖਿਆ ਜਾ ਸਕਦਾ ਅਸੀਂ ਆਖ ਸਕਦੇ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਜਿਹੜਾ ਸਤਿਗੁਰੂ ਰਾਮ ਸਿੰਘ ਜੀ ਦਾ ਸੱਚੇ ਪਾਤਸ਼ਾਹ ਬਚਨ ਕੀਤਾ ਸੀ ਕਿ ਇੱਥੇ ਇੰਨੀਆਂ ਬੰਦਿਸ਼ਾਂ ਨੇ ਇੱਥੇ ਦਰਸ਼ਨ ਮੇਲਾ ਨਹੀਂ ਹੋਣ ਦਿੰਦੇ ਬਚਨ ਬਿਲਾਸ ਨਹੀਂ ਕਰਨ ਦਿੰਦੇ ਜੇ ਕੋਈ ਇਸ ਤਰ੍ਹਾਂ ਦਿਆਂ ਬੰਦਿਸ਼ਾਂ ਨਾ ਹੋਣ ਤੁਹਾਨੂੰ ਤਰ੍ਹਾਂ-ਤਰ੍ਹਾਂ ਦੇ ਪਦਾਰਥ ਬਣਾ ਕੇ ਛਕਾਈਏ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਇਹ ਵੀ ਹੁਕਮ ਕੀਤਾ ਕਿ ਦੁਨੀਆਂ ਭਰ ਦੇ ਸੁੱਖ ਜਿਹੜੇ ਨੇ ਉਹ ਨਾਮਧਾਰੀਆਂ ਨੂੰ ਹੁਣ ਮੇਰਾ ਇਹ ਜੀ ਕਰਦਾ ਉਹ ਸਾਧ ਸੰਗਤ ਜੀ ਬਚਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ ਪੂਰੇ ਹੋਏ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕਰਕੇ ਨਾਮਧਾਰੀਆਂ ਨੂੰ ਲੋਕ ਤੇ ਪਰਲੋਕ ਦੇ ਸੁੱਖ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਨਾਮਧਾਰੀ ਸਿੱਖਾਂ ਨੂੰ ਬਖਸ਼ੇ ਤੇ ਇਹਦੇ ਨਾਲ ਨਾਲ ਸੱਚੇ ਪਾਤਸ਼ਾਹ ਕਿਰਪਾ ਕੀਤੀ ਕੋਈ ਵੀ ਖੇਤਰ ਨਹੀਂ ਜਿਹਦੇ ਵਿੱਚ ਨਾਮਧਾਰੀਆਂ ਦੀ ਮਾਨਯੋਗ ਪਛਾਣ ਨਹੀਂ ਬਣੀ। ਉਸ ਤੋਂ ਬਾਅਦ ਸੱਚੇ ਪਾਤਸ਼ਾਹ ਇਹ ਕਿਰਪਾ ਕੀਤੀ ਕਿ ਜਿਸ ਅਕਾਲ ਤਖਤ ਤੋਂ ਕਿਸੇ ਵੇਲੇ ਅੰਗਰੇਜ਼ ਪੱਖੀ ਪੁਜਾਰੀਆਂ ਨੇ ਨਾਮਧਾਰੀਆਂ ਨੂੰ ਤਨਖਾਹੀਆ ਕਰਾ ਦਿੱਤਾ ਸੀ ਜਿੱਥੋਂ ਵਿਰੋਧ ਹੁੰਦਾ ਰਿਹਾ ਸੀ ਉਸੇ ਅਕਾਲ ਤਖਤ ਤੋਂ ਹੀ ਨਾਮਧਾਰੀ ਸ਼ਹੀਦਾਂ ਨੂੰ ਸਿੱਖ ਕੌਮ ਦੇ ਸ਼ਹੀਦ ਕਹਿ ਕੇ ਤੇ ਉਹਨਾਂ ਨੂੰ ਸਨਮਾਨਿਤ ਕੀਤਾ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਬਖਸ਼ਿਸ਼ ਨਾਲ ਯੂਨੀਵਰਸਿਟੀ ਵਿੱਚ ਸਤਿਗੁਰੂ ਰਾਮ ਸਿੰਘ ਚੇਅਰ ਸਥਾਪਿਤ ਹੋਈਆਂ ਪਾਰਲੀਮੈਂਟ ਵਿੱਚ ਜਦੋਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ ਉਥੇ ਤਸਵੀਰ ਲੱਗਣੀ ਸੀ ਸੱਚੇ ਪਾਤਸ਼ਾਹ ਜਦੋਂ ਗਏ ਨੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਸਾਰੇ ਪਾਰਲੀਮੈਂਟ ਮੈਂਬਰ ਸਾਰੇ ਦੇ

ਸਾਰੇ ਮੰਤਰੀ ਉੱਥੇ ਸੱਚੇ ਪਾਤਸ਼ਾਹ ਜੀ ਦੇ ਅਦਬ ਵਿੱਚ ਸਾਰੇ ਉੱਠ ਕੇ ਖਲੋਤੇ ਉਨਾ ਚਿਰ ਉੱਠ ਕੇ ਖੜੇ ਰਹੇ ਜਿੰਨਾ ਚਿਰ ਸੱਚੇ ਪਾਤਸ਼ਾਹ ਆ ਕੇ ਬਿਰਾਜਮਾਨ ਨਹੀਂ ਹੋ ਗਏ ਮੇਰਾ ਕਹਿਣ ਤੋਂ ਭਾਵ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕਰਕੇ ਨਾਮਧਾਰੀ ਪੰਥ ਨੂੰ ਬੁਲੰਦੀਆਂ ਤੇ ਪਹੁੰਚਾਇਆ ਇਹ ਉੱਚੀ ਸ਼ਾਨ ਬਖਸ਼ੀ ਮਾਨ ਸਨਮਾਨ ਬਖਸ਼ੇ ਇੰਨੇ ਸ਼ਬਦਾਂ ਨਾਲ ਹੀ ਸਮਾਪਤ ਕਰਦਾ ਹਾਂ।

**ਦੁਪਹਿਰ ਦੇ ਦੀਵਾਨ–** ਦੀਵਾਨਾਂ ਦੀ ਸ਼ੁਰੂਆਤ ਜ. ਮਨਜੀਤ ਸਿੰਘ ਦਿੱਲੀ ਵਾਲਿਆਂ ਨੇ ਕੀਤੀ। ਜ. ਸੁਖਵੰਤ ਸਿੰਘ ਮੁਹਾਵਾ, ਜ. ਦਰਸ਼ਨ ਸਿੰਘ ਦਿੱਲੀ, ਜ. ਦਵਿੰਦਰ ਸਿੰਘ ਕੁਹਾਲੀ ਹੁਰਾਂ ਨੇ ਆਪਣੇ ਸਮੇਂ ਅਨੁਸਾਰ ਸੰਗਤ ਦੀ ਸਾਂਝ ਗੁਰ ਇਤਿਹਾਸ ਨਾਲ ਪਵਾਈ। ਕਵੀਸ਼ਰ ਜੋਗਾ ਸਿੰਘ ਭੰਬੂਰ ਨੇ ਕਵੀਸ਼ਰੀ ਪ੍ਰਸੰਗ ਰਾਂਹੀ ਤੇ ਜ. ਜਸਵਿੰਦਰ ਸਿੰਘ ਭਿੰਡਰ ਨੇ ਆਪਣੇ ਵਖਰੇ ਅੰਦਾਜ ਵਿੱਚ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਾਇਆ। ਪੰਡਿਤ ਯਾਦਵਿੰਦਰ ਸਿੰਘ ਹੁਰਾਂ ਨੇ ਆਪਣੇ ਭਾਵਪੂਰਨ ਵਿਖਿਆਣ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਨਿਤਨੇਮ ਦੀ ਅਰਦਾਸ ਤੋਂ ਬਾਅਦ ਰਾਗੀ ਹਰਬੰਸ ਸਿੰਘ ਘੁੱਲਾ, ਕਿਰਪਾਲ ਸਿੰਘ, ਹਰਵਿੰਦਰ ਸਿੰਘ, ਅਜੇਪਾਲ ਸਿੰਘ ਹੁਰਾਂ ਦੇ ਜਥੇ ਨੇ ਕੀਰਤਨ ਦੀ ਸ਼ੁਰੂਆਤ ਕੀਤੀ ਸਭ ਤੋਂ ਪਹਿਲਾਂ "ਪਿਰੁ ਦੇਖਣ ਕੀ ਆਸ" ਸ਼ਬਦ ਨਾਲ ਸ਼ੁਰੂਆਤ ਅਤੇ ਫਿਰ "ਹਉ ਫਿਰਉ ਦਿਵਾਨੀ ਆਵਲ ਬਾਵਲ" ਸ਼ਬਦ ਪੜ੍ਹਿਆ।

**ਸ਼ਾਮ ਦੇ ਦੀਵਾਨ–** ਸ਼ਾਮ ਨੂੰ ਸਭ ਤੋਂ ਪਹਿਲਾਂ ਥਾਈਲੈਂਡ ਦੇ ਬੱਚਿਆਂ ਵਲੋਂ "ਬਿਰਥਾ ਜਨਮ ਗਵਾਇਆ" ਨਾਟਕ ਦਾ ਮੰਚਨ ਕੀਤਾ ਗਿਆ। ਬੱਚਿਆਂ ਨੂੰ ਪੰਜਾਬੀ ਭਾਂਵੇ ਘੱਟ ਆਉਂਦੀ ਸੀ ਪਰ ਬੱਚਿਆਂ ਨੇ ਬਹੁਤ ਮਿਹਨਤ ਕੀਤੀ ਤੇ ਸਫ਼ਲ ਮੰਚਨ ਕੀਤਾ। ਸੰਸਾਰਿਕ ਐਸ਼ੋ ਇਸ਼ਰਤ ਵਿੱਚ ਫਸੇ ਇਨਸਾਨ ਨੂੰ ਕਿਵੇਂ ਪ੍ਰਮਾਤਮਾ ਭੁੱਲ ਜਾਂਦਾ। ਇਸ ਵਿਸ਼ੇ ਨੂੰ ਨਾਟਕ ਨੇ ਛੋਹਿਆ। ਕਵੀਸ਼ਰ ਗੁਰਸੇਵਕ ਸਿੰਘ ਹੁਰਾਂ ਨੇ ਬਚਿੱਤਰ ਸਿੰਘ ਤੇ ਹਾਥੀ ਦੇ ਮੁਕਾਬਲੇ ਦਾ ਪ੍ਰਸੰਗ ਸੰਗਤਾਂ ਸਨਮੁੱਖ ਪੇਸ਼ ਕੀਤਾ।

**ਕਵੀ ਦਰਬਾਰ–** ਕਵੀ ਦਰਬਾਰ ਦੀ ਸਟੇਜ ਸਕੱਤਰਤਾ ਲਈ ਸੰਤ ਨਿਸ਼ਾਨ ਸਿੰਘ ਹੁਰਾਂ ਨੇ ਮਾਇਕ ਸੰਭਾਲਿਆ। ਕਵੀ ਦਰਬਾਰ ਦੀ ਪ੍ਰਧਾਨਗੀ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਹੁਰਾਂ ਨੇ ਕੀਤੀ। ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਅਤੇ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਲੇਖਕਾਂ ਤੋਂ ਇਲਾਵਾ ਹੋਰ ਕਈ ਕਵੀਆਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਕਵੀ ਸੱਜਨਾਂ ਨੂੰ ਨਾਮਧਾਰੀ ਦਰਬਾਰ ਵਲੋਂ ਸਨਮਾਨ ਵੀ ਦਿੱਤੇ ਗਏ।

**16-3-2025–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਕਿਰਪਾਲ ਸਿੰਘ, ਸਰਮੁੱਖ ਸਿੰਘ, ਹਰਵਿੰਦਰ ਸਿੰਘ, ਅਜੈਪਾਲ ਸਿੰਘ ਦੇ ਜਥੇ ਵਲੋਂ ਕੀਤਾ ਗਿਆ। ਆਸਾ ਦੀ ਵਾਰ ਦੇ ਭੋਗ ਉਪਰੰਤ ਸ. ਸੁਵਰਨ ਸਿੰਘ ਵਿਰਕ ਸੰਗਤਾਂ ਨੂੰ ਸੰਬੋਧਨ ਹੋਏ।

**ਦਿਨ ਦੇ ਦੀਵਾਨ–** ਦਿਨ ਦੇ ਦੀਵਾਨਾਂ ਦੀ ਸ਼ੁਰੂਅਤ ਗੁਰਤੇਜ ਸਿੰਘ ਮੁਹਾਵਾ ਨੇ ਕੀਤੀ। ਜ. ਵੀਰ ਸਿੰਘ ਸ਼ਹਿਜ਼ਾਦਾ, ਸੂਬਾ ਮੋਕਹਮ ਸਿੰਘ, ਸੂਬਾ ਸੁਰਿੰਦਰ ਸਿੰਘ ਗੂਨਾ ਨੇ ਸਮੇਂ ਅਨੁਸਾਰ ਸੰਗਤ ਨੂੰ ਗੁਰੂ ਜੱਸ ਸਰਵਣ ਕਰਵਾਇਆ। ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਆਪਣੇ ਸਮੇਂ ਵਿੱਚ ਸੰਗਤਾਂ ਨਾਲ ਵਿਚਾਰ ਸਾਂਝ ਪਾਈ। ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਸਰਮੁੱਖ ਸਿੰਘ, ਬਸੰਤ ਸਿੰਘ, ਹਰਨਾਮ ਸਿੰਘ ਦੇ ਜਥੇ ਵਲੋਂ ਕੀਰਤਨ ਦੀ ਸ਼ੁਰੂਆਤ "ਮਨ ਜਾਪਹੁ ਰਾਮ ਗੋਪਾਲ" ਸ਼ਬਦ ਨਾਲ ਕੀਤੀ ਗਈ। "ਮੋਕਉ ਤੂੰ ਨ ਬਿਸਾਰ" ਸ਼ਬਦ ਉੱਚੀਆਂ ਸੁਰਾਂ ਵਿੱਚ ਪੜ੍ਹਿਆ ਗਿਆ।

**ਰਾਤ ਦੇ ਦੀਵਾਨ–** ਦੀਵਾਨਾਂ ਦੀ ਸ਼ੁਰੂਆਤ ਕਵੀਸ਼ਰ ਦਿਲਵਾਗ ਸਿੰਘ ਵਲਟੋਹੇ ਦੇ ਜਥੇ ਨੇ ਕੀਤੀ। ਜ. ਪ੍ਰੀਤਮ ਸਿੰਘ, ਜ. ਗੁਰਚਰਨ ਸਿੰਘ ਮੁਹਾਵੇ ਵਾਲਿਆਂ ਆਪਣੇ ਸਮੇਂ ਅਨੁਸਾਰ ਗੁਰੂ ਦਾ ਜੱਸ ਸਰਵਨ ਕਰਵਾਇਆ। ਜ. ਕਮਾਲ ਸਿੰਘ ਹੁਰਾਂ ਨੇ ਮਾਈ ਸਾਹਬੋ ਦੀ ਪਰਖ ਦਾ ਪ੍ਰਸੰਗ ਸੰਗਤਾਂ ਨੂੰ ਸੁਣਾਇਆ। ਜ. ਗੁਰਬਚਨ ਸਿੰਘ, ਜ. ਸੁਰਜੀਤ ਸਿਘ, ਜ. ਹਰਪ੍ਰੀਤ ਸਿੰਘ ਪਾਨੀਪਤ, ਜ. ਜਸਬੀਰ ਸਿੰਘ ਖਿਆਲਾ, ਜ. ਸਵਿੰਦਰ ਸਿੰਘ ਕੱਕੜ ਹੁਰਾਂ ਨੇ ਸਮੇਂ-ਸਮੇਂ ਅਨੁਸਾਰ ਗੁਰੂ ਕੇ ਇਤਿਹਾਸ ਨਾਲ ਸੰਗਤਾਂ ਦੀ ਸਾਂਝ ਪਾਈ।

**17-3-2025–** ਅੱਜ ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਹਰਪ੍ਰੀਤ ਸਿੰਘ ਸੋਨੂੰ, ਸਤਨਾਮ ਸਿੰਘ, ਹਰਨਾਮ ਸਿੰਘ, ਬਸੰਤ ਸਿੰਘ, ਕਿਰਪਾਲ ਸਿੰਘ ਪਨੇਸਰ, ਸ਼ਾਮ ਸਿੰਘ, ਸਰਮੁੱਖ ਸਿੰਘ ਇਤਿਆਦਿ ਵਲੋਂ ਕੀਤਾ ਗਿਆ। ਹੋਲੇ ਮਹੱਲੇ ਦੀ ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਵਲੋਂ ਕੀਤੀ ਗਈ। ਸਾਧ ਸੰਗਤ ਵਲੋਂ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ 209 ਪਾਠ, ਸ੍ਰੀ ਦਸਮ ਗ੍ਰੰਥ ਸਾਹਿਬ ਦੇ 8 ਪਾਠ 42000 ਪਾਠ ਚੌਪਈ ਦੇ 4000 ਸਾਲਾ ਭਜਨ ਦੀਆਂ ਅਰਦਾਸ ਕਰਵਾਈ ਗਈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਧ ਸੰਗਤ ਨੂੰ ਉਪਦੇਸ਼ ਦਿੱਤਾ। ਇਸ ਸਾਲ ਹੋਏ ਹੋਲੇ ਮਹੱਲੇ ਦੀ ਸੇਵਾ ਥਾਈਲੈਂਡ ਦੀ ਸਾਧ ਸੰਗਤ ਵਲੋਂ ਕੀਤੀ ਗਈ ਹੈ।

**ਵਿਸ਼ੇਸ਼ ਸਨਮਾਨ–** ਹਰ ਸਾਲ ਦੀ ਤਰ੍ਹਾਂ ਇਸ ਸਾਲ ਦੀ ਹੋਲੇ ਮਹੱਲੇ ਦੇ ਚੌਥੇ ਦਿਨ 16-3-205 ਨੂੰ ਦੁਪਹਿਰ ਦੇ ਨਿਤਨੇਮ ਤੋਂ ਬਾਅਦ ਕੁਝ ਵਿਸ਼ੇਸ਼ ਸ਼ਖ਼ਸ਼ੀਅਤਾਂ ਦੇ ਸਨਮਾਨ ਕੀਤੇ ਗਏ। ਨਾਮਧਾਰੀ ਦਰਬਾਰ ਵਲੋਂ "ਸੇਵਾ ਸਨਮਾਨ' ਸੂਬਾ ਅਜੀਤ ਸਿੰਘ ਬਟਾਲਾ ਨੇ ਸ੍ਰੀ ਸਤਿਗੁਰੂ ਜੀ ਪਾਸੋਂ ਪ੍ਰਾਪਤ ਕੀਤਾ। ਸਲਾਨਾ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਯਾਦਗਾਰੀ ਸਨਮਾਨ ਬੀਬੀ ਰਾਜਵੰਤ ਕੌਰ 'ਸੰਪਾਦਕ ਵਰਿਆਮ' ਨੂੰ ਦਿੱਤਾ ਗਿਆ। ਇਹ ਸਨਮਾਨ ਪੰਡਿਤ ਜੀ ਦੇ ਸਪੱਤਰ ਸੰਤ ਜਗਮੋਹਨ ਸਿੰਘ ਤੇ ਸ਼ਾਗਿਰਦ ਸੰਤ ਨਿਸ਼ਾਨ ਸਿੰਘ ਜੀ ਵਲੋਂ ਦਿੱਤਾ ਜਾਂਦਾ ਹੈ।

ਸਾਲਾਨਾ 'ਸੂਬਾ ਕਰਤਾਰ ਸਿੰਘ ਹੋਠੀਆਂ ਯਾਦਗਾਰੀ ਸਨਮਾਨ' ਸੰਤ ਨਰਿੰਦਰ ਸਿੰਘ ਜੀ ਨੂੰ ਦਿੱਤਾ ਗਿਆ। ਇਹ ਸਨਮਾਨ ਸੂਬਾ ਜੀ ਦੇ ਪੁੱਤਰ ਸੰਤ ਨਿਸ਼ਾਨ ਸਿੰਘ ਤੇ ਗੁਰਨਾਮ ਸਿੰਘ ਕੈਨੇਡਾ ਵਲੋਂ ਦਿੱਤਾ ਜਾਂਦਾ ਹੈ। ਇਕ ਹੋਰ ਵਿਸ਼ੇਸ਼ 'ਕਾਵਿ ਭੂਸ਼ਨ ਕਵੀ ਜੀਵਨ ਸਿੰਘ ਸਨਮਾਨ ਨਾਮਧਾਰੀ ਦਰਬਾਰ ਵਲੋਂ ਰਾਣੀਆਂ ਦੇ ਵਾਸੀ ਸੰਤ ਹਰਵੇਲ ਸਿੰਘ ਜੀ ਨੂੰ ਦਿੱਤਾ ਗਿਆ।

**ਆਉਂ ਬਿਸ਼ਨ ਸਿੰਘ ਦੇ ਵਾਰਸੋ ਗੁਰਮਤਿ ਨਾਲ ਸਾਂਝ ਪਾਈਏ–** ਇਹ ਪ੍ਰੋਗਰਾਮ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਵਲੋਂ ਕਰਵਾਇਆ ਗਿਆ। 5 ਤੋਂ 13 ਸਾਲ ਦੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਨਾਲ ਜੋੜਨ ਦਾ ਇਹ ਖਾਸ ਉਪਰਾਲਾ ਹੈ। ਬੱਚੇ ਵਾਰੀ-ਵਾਰੀ ਸਟੇਜ਼ ਉੱਪਰ ਆ ਕੇ ਸਤਿਗੁਰੂ ਜੀ ਦੇ ਜੀਵਨ ਦੀ ਕੋਈ ਸਾਖੀ, ਸਿੱਖਿਆ, ਕਵਿਤਾ ਅਤੇ ਗੁਰਬਾਣੀ ਸਾਧ ਸੰਗਤ ਨੂੰ ਸੁਣਾਉਂਦੇ ਰਹੇ। ਲਗਭਗ 300 ਤੋਂ ਜਿਆਦਾ ਬੱਚਿਆਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ।

**ਸਤਿਜੁਗ–** ਸਤਿਜੁਗ ਸਟਾਲ ਗੋਲ ਮੰਦਰ  ਦੇ ਕੋਲ ਲਗਾਇਆ ਗਿਆ। ਸੰਗਤ ਦੇ ਪੜ੍ਹਨ ਲਈ ਧਾਰਮਿਕ, ਸਿਧਾਂਤਿਕ, ਇਤਿਹਾਸਿਕ ਕਿਤਾਬਾਂ ਇਥੇ ਮੌਜੂਦ ਸਨ। ਇਸਦੇ ਨਾਲ ਵਰਿਆਮ ਅਤੇ ਵਰਤਮਾਨ ਹਿੰਦੁਸਤਾਨ ਦੇ ਸਟਾਲ ਵੀ ਇਥੇ ਲੱਗੇ।

**ਨਵੀਆਂ ਪ੍ਰਕਾਸ਼ਨਾਵਾਂ–** ਸਤਿਜੁਗ ਦੀ ਟੀਮ ਵਲੋਂ ਸਲਾਨਾ ਅੰਕ ਸਤਿਗੁਰੂ ਜੀ ਨੂੰ ਭੇਂਟ ਕੀਤਾ ਗਿਆ ਤੇ ਸਤਿਗੁਰੂ ਜੀ ਨੇ ਸੰਗਤਾਂ ਲਈ ਅੰਕ ਰੀਲੀਜ਼ ਕਰਨ ਦੀ ਕਿਰਪਾ ਕੀਤੀ। ਵਰਿਆਮ ਅਤੇ ਵਰਤਮਾਨ ਹਿੰਦੁਸਤਾਨ ਦੇ ਪਰਚੇ ਵੀ ਸਤਿਗੁਰੂ ਜੀ ਵਲੋਂ ਰਿਲੀਜ਼ ਕੀਤੇ ਗਏ। ਇਕ ਕਿਤਾਬ "ਨਾਮਧਾਰੀ ਇਤਿਹਾਸ" ਜੋ ਨਾਹਰ ਸਿੰਘ ਐੱਮ.ਏ. ਵਲੋਂ ਲਿਖੀ ਗਈ ਸੀ। ਉਸਦਾ ਹਿੰਦੀ ਅਨੁਵਾਦ ਨਾਮਧਾਰੀ ਦਰਬਾਰ ਵਲੋਂ ਦੁਬਾਰਾ ਛਾਪਿਆ ਗਿਆ ਹੈ। ਸਤਿਗੁਰੂ ਜੀ ਕੋਲੋਂ ਰਿਲੀਜ਼ ਕਰਵਾਈ ਗਈ। ਪਹਿਲੀ ਕਲਾਸ ਤੋਂ ਪੰਜਵੀ ਕਲਾਸ ਦੇ ਬੱਚਿਆਂ ਲਈ ਬਹੁਤ ਹੀ ਆਕਰਸ਼ਿਕ ਅਤੇ ਧਾਰਮਿਕ ਜਾਣਕਾਰੀ ਭਰਪੂਰ ਕਿਤਾਬਾਂ ਨਾਮਧਾਰੀ ਦਰਬਾਰ ਵਲੋਂ ਛਪਵਾਈਆਂ ਗਈਆਂ ਅਤੇ ਸਤਿਗੁਰੂ ਜੀ ਨੇ ਰਿਲੀਜ਼ ਕਰਨ ਦੀ ਕਿਰਪਾ ਕੀਤੀ। ਜੁਗਿੰਦਰ ਸਿੰਘ ਕੰਗ ਹੁਰਾਂ ਦਾ ਮਹਾਂਕਾਵਿ ਸਤਿਗੁਰੂ ਜੀ ਨੇ ਰਿਲੀਜ਼ ਕਰਨ ਦੀ ਕਿਰਪਾ ਕੀਤੀ।

**ਹੁਨਰ–** ਹਰੀਮੰਦਰ ਹਾਲ ਵਿੱਚ ਨੌਜਵਾਨ ਬੱਚਿਆਂ ਵਲੋਂ ਇਕ ਪ੍ਰਦਰਸ਼ਨੀ ਲਗਾਈ ਗਈ ਜਿਸ ਵਿਚੋਂ ਮੁੱਖ ਮਹਿਮਾਨ ਵਜੋਂ ਹਰਮਹਿੰਦਰ ਸਿੰਘ ਬੋਪਾਰਾਏ ਨੇ ਸ਼ਿਰਕਤ ਕੀਤੀ। 100 ਤੋਂ ਜਿਆਦਾ ਫੋਟੋਗਰਾਫ਼ਰ, ਪੇਂਟਰ, ਕਰਾਫਟ, ਇੰਨਜ਼ੀਅਰ ਆਦਿ ਦੇ ਆਪਣੀ-ਆਪਣੀ ਕਲਾਂ ਦਾ ਨਮੂਨਾ ਪੇਸ਼ ਕੀਤਾ।

**ਲੰਗਰ ਸੇਵਾ–** ਮੇਲੇ ਦੌਰਾਨ ਸ੍ਰੀ ਮਾਤਾ ਗੁਰਸ਼ਰਨ ਕੌਰ ਜੀ ਦੀ ਅਗੁਵਾਈ ਹੇਠ ਦਿਨ ਰਾਤ ਸਦਾ ਵਰਤ ਲੰਗਰ ਚਲਦਾ ਰਿਹਾ। ਲੁਧਿਆਣਾ, ਇਲਾਕਾ ਜੀਵਨ ਨਗਰ, ਦੋਆਬਾ, ਮਾਲਵਾ, ਦਿੱਲੀ, ਮਾਝਾ ਤੋਂ ਨੌਜਵਾਨ ਮਾਈ ਤੇ ਭਾਈ ਲੰਗਰ ਵਰਤਾਉਣ ਪਕਾਉਣ ਦੀ ਸੇਵਾ ਨਿਭਾਉਂਦੇ ਰਹੇ।

**ਜੋੜਿਆਂ ਦੀ ਸੇਵਾ–** ਸਾਧ ਸੰਗਤ ਦੇ ਜੋੜੇ ਸਾਂਭਣ ਦੀ ਸੇਵਾ ਪ੍ਰਧਾਨ ਹਜਾਰਾ ਸਿੰਘ ਦੀ ਅਗਵਾਈ ਹੇਠ ਦਿੱਲੀ ਅਤੇ ਲੁਧਿਆਣੇ ਦੀ ਸਾਧ ਸੰਗਤ ਕਰਦੀ ਰਹੀ।

**ਸਾਫ਼-ਸਫ਼ਾਈ–** ਮੇਲੇ ਦੌਰਾਨ ਸੜਕਾਂ ਤੇ ਬਾਥਰੂਮਾਂ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਹੋਇਆ ਨੌਜਵਾਨ ਗੁਰਪ੍ਰੀਤ ਸਿੰਘ ਸ੍ਰੀ ਭੈਣੀ ਸਾਹਿਬ 'ਤੇ ਸਾਥੀ ਪੂਰੀ ਤਨਦੇਹੀ ਨਾਲ ਸੇਵਾ ਨਿਭਾਉਂਦੇ ਰਹੇ।

**ਸ਼ਬੀਲ–** ਸੰਗਤ ਲਈ ਠੰਡੇ ਮਿੱਠੇ ਜਲ ਅਤੇ ਸ਼ਰਦਾਈ ਦੀ ਸ਼ਬੀਲ ਵੀ ਹਰ ਵਕਤ "ਪ੍ਰਮਾਣ  ਸ਼ਹੀਦਾ ਨੂੰ" ਗਰੁੱਪ ਦੇ ਮੈਂਬਰਾਂ ਵਲੋਂ ਚਲਦੀ ਰਹੀ। ਕੇਸਰ ਬਦਾਮ ਵਾਲਾ ਦੁੱਧ ਰਾਮਪੁਰਾ ਫੂਲ ਦੀ ਸੰਗਤ ਵਲੋਂ ਤਿਆਰ ਹੁੰਦਾ ਰਿਹਾ। ਗੰਨੇ ਦੇ ਰਸ ਦਾ ਲੰਗਰ ਦੁਆਬੇ ਦੀ ਸੰਗਤ ਵਲੋਂ ਅਤੇ ਪਿਆਰਾ ਸਿੰਘ ਸੰਧੂ ਕਟਾਰੋਂ ਦੇ ਪਰਿਵਾਰ ਵਲੋਂ ਹੁੰਦੀ ਰਹੀ।

**ਮੇਲੇ ਦੀ ਸੇਵਾ–** ਸਤਿਗੁਰੂ ਜੀ ਕਿਰਪਾ ਨਾਲ ਇਸ ਵਾਰ ਮੇਲੇ ਦੀ ਸੇਵਾ ਬੀਬੀ ਕੰਵਲਜੀਤ ਕੌਰ ਦੀ ਅਗੁਵਾਈ ਵਿੱਚ ਥਾਈਲੈਂਡ ਦੀ ਸੰਗਤ ਖਾਸ ਕਰਕੇ ਬੀਬੀਆਂ ਵਲੋਂ ਕੀਤੀ ਗਈ। ਭਾਈ ਗਿਣਤੀ ਵਿੱਚ ਨੌਜਵਾਨ ਅਤੇ ਸੰਗਤ ਥਾਈਲੈਂਡ ਤੋਂ ਖਾਸ ਕਰਕੇ ਪਹੁੰਚੀ ਅਤੇ ਮੇਲੇ ਵਿੱਚ ਸੇਵਾ ਕਰਦੀ ਰਹੀ।

**ਸੰਪਾਦਕ**

.....................................................

## 101 ਅਖੰਡ ਪਾਠ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ 101 ਅਖੰਡ ਪਾਠਾਂ ਦਾ ਪ੍ਰਵਾਹ 1 ਮਾਰਚ ਤੋ 9 ਮਾਰਚ ਤੱਕ ਆਯੋਜਿਤ ਕੀਤਾ ਗਿਆ। ਸੈਕੜੇ ਨੌਜਵਾਨ ਤੇ ਬਿਰਧਾਂ ਨੇ ਇਸ ਮਹਾਨ ਯੱਗ ਵਿਚ ਹਾਜ਼ਰੀ ਭਰੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ 1937 'ਚ ਸਥਾਪਿਤ ਹਵਨ ਮੰਡਪ ਵਾਲੇ ਸਥਾਨ ਤੇ 28 ਫਰਵਰੀ ਤੱਕ ਰੰਗ- ਰੋਗਨ ਤੇ ਸਾਫ਼- ਸਫਾਈ ਕਰਕੇ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। 1 ਮਾਰਚ ਨੂੰ 25 ਬੀੜਾਂ ਦਾ ਪ੍ਰਕਾਸ਼ ਕੀਤਾ ਗਿਆ। ਪੁਰਾਤਨ ਮਰਯਾਦਾ ਤਹਿਤ ਕੁੰਭ ਧੂਪ ਦੀਪ ਦੇ ਨਾਲ ਜਪੁਜੀ ਸਾਹਿਬ ਦੀ ਵਰਨੀ ਵੀ ਸ਼ੁਰੂ ਕੀਤੀ ਗਈ। ਇਕ ਪਾਠੀ ਸਿੰਘ ਲਈ 2 ਘੰਟੇ ਦੀ ਰੌਲ ਨਿਰਧਾਰਿਤ ਕੀਤੀ ਗਈ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਕੀਤੀ ਗਈ ਮਰਯਾਦਾ ਤਹਿਤ ਅਖੰਡ ਪਾਠ ਦੌਰਾਨ 5 ਪਾਠੀ, 5 ਧੂਪੀਏ (ਜਪੁਜੀ ਦੀ ਵਰਨੀ ਨਾਲ) ਤੇ 2 ਪਹਿਰੂ ਸਿੰਘ ਲਾਜ਼ਮੀ ਹਨ। ਵੱਡੀ ਸੋਧ ਮਰਯਾਦਾ ਰੱਖਣੀ ਜ਼ਰੂਰੀ ਹੁੰਦੀ ਹੈ ਜਿਸ ਅਨੁਸਾਰ ਕੁਦਰਤੀ ਸੋਮਿਆਂ ਦੇ ਪਾਣੀ (ਖੂਹ, ਦਰਿਆ ਜਾਂ ਨਹਿਰਾਂ) ਦੀ ਵਰਤੋਂ ਕਰਨੀ, ਬਾਜ਼ਾਰ ਦਾ ਬਣਿਆ ਹੋਇਆ ਭੋਜਨ ਨਹੀਂ ਛਕਣਾ, ਕਿਸੇ ਸਮੇਂ ਵੀ ਨੀਂਦਰ ਲੈਣ ਤੋ ਬਾਅਦ ਸਣਕੇਸੀਂ ਇਸ਼ਨਾਨ ਜ਼ਰੂਰ ਕਰਨਾ, ਘਟ ਬੋਲਣਾ, ਥੋੜਾ ਖਾਣਾ ਇਤਿਆਦਿ ਗਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇੱਕ ਸੰਪੂਰਨ ਪਾਠ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦਾ 'ਗੋਲ ਮੰਦਿਰ' ਵਿਖੇ ਕੀਤਾ ਗਿਆ। ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਆਦਿ ਬਾਣੀ ਦੀ ਜਿਸ ਪਾਵਨ ਬੀੜ ਤੋਂ ਆਪ ਪਾਠ ਕਰਿਆ ਕਰਦੇ ਸਨ ਉਸਦਾ ਪ੍ਰਕਾਸ਼ ਕਰਕੇ ਵੀ ਇਕ ਸੰਪੂਰਨ ਪਾਠ ਕੀਤਾ ਗਿਆ। ਇਹ ਪਾਵਨ ਬੀੜ ਹੱਥ ਲਿਖਤ ਹੈ ਅਤੇ ਲੜੀਵਾਰ ਸਰੂਪ ਹੋਣ ਕਰਕੇ ਪਾਠ ਕਰਨ ਲਈ ਵਿਸ਼ੇਸ਼ ਅਭਿਆਸ ਦੀ ਲੋੜ ਹੁੰਦੀ ਹੈ। ਇਸ ਬੀੜ ਦੇ ਅੰਕ ਵੀ 1926 ਹਨ। ਵਿਸ਼ੇਸ਼ ਪਾਠੀਆਂ ਵਜੋਂ ਸੰਤ ਨਿਸ਼ਾਨ ਸਿੰਘ, ਸੂਬਾ ਮੋਹਕਮ ਸਿੰਘ, ਸੂਬਾ ਸੁਰਿੰਦਰ ਸਿੰਘ ਗੁਨਾ, ਸੰਤ ਗੁਰਨਾਮ ਸਿੰਘ ਨੇ ਸੇਵਾ ਨਿਭਾਈ।

ਇਸਦੇ ਨਾਲ ਹੀ ਬੀਬੀਆਂ ਵਲੋਂ ਜਗਜੀਤ ਮੰਦਰ ਵਿਖੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਚੌਪਈ ਦੇ ਪਾਠਾਂ ਦਾ ਪ੍ਰਵਾਹ ਚਲਾਇਆ ਗਿਆ।

9 ਮਾਰਚ ਸਵੇਰ 8 ਵਜੇ ਤੱਕ ਭਾਈਆਂ ਵਲੋਂ 101 ਅਖੰਡ ਪਾਠ, ਬੀਬੀਆਂ ਵਲੋਂ 101 ਸਹਿਜ ਪਾਠ ਅਤੇ 31000 ਚੌਪਈ ਦੇ ਪਾਠਾਂ ਦੀ ਸੰਪੂਰਨਤਾ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਕੀਤੀ। ਹਵਨ ਮੰਡਪ ਦੇ ਬਾਹਰ ਹੀ ਸਟੇਜ ਲਗਾ ਕੇ ਰਾਗੀ ਬਲਵੰਤ ਸਿੰਘ ਅਤੇ ਜਥੇ ਵਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਕੀਰਤਨ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਅਤੇ ਪੰਡਿਤ ਯਾਦਵਿੰਦਰ ਸਿੰਘ ਜੀ ਨੇ ਗੁਰਬਾਣੀ ਪੜ੍ਹਨ, ਸਮਝਣ ਤੇ ਉਸਨੂੰ ਜੀਵਨ ਵਿਚ ਢਾਲਣ ਦੀ ਲੋੜ ਤੇ ਮਹੱਤਵਤਾ ਨੂੰ ਮੁੱਖ ਰੱਖ, ਆਪਣੇ ਵਿਚਾਰ ਪੇਸ਼ ਕੀਤੇ।

ਇਸ ਮਹਾਨ ਯੱਗ ਵਿਚ ਸੇਵਾ ਨਿਭਾਉਣ ਵਾਲੇ ਸਿੱਖਾਂ ਨੂੰ ਪਹਿਨਣ ਯੋਗ ਵਸਤੂਆਂ ਤੇ ਛਕਣ ਯੋਗ ਵਿਸ਼ੇਸ਼ ਪਦਾਰਥ ਦੇਕੇ ਸਨਮਾਨਿਤ ਕੀਤਾ ਗਿਆ। ਇਸ ਸਮੁੱਚੇ ਮੇਲੇ ਦੀ ਸੇਵਾ ਸ.ਤਰਸੇਮ ਚੰਦ ਮਿੱਤਲ, ਸੂਬਾ ਅਤੁਲ ਮਿੱਤਲ ਦੇ ਪਰਿਵਾਰ ਵਲੋਂ ਨਿਭਾਈ ਗਈ। ਸਮਾਪਤੀ ਉਪਰੰਤ ਕਾਫੀ ਸਿੱਖਾਂ ਵਲੋਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਗਈ ਕਿ ਐਸੇ ਯੱਗ ਹਰ ਸਾਲ 'ਚ ਇਕ ਜਾਂ ਦੋ ਜ਼ਰੂਰ ਹੋਣੇ ਚਾਹੀਦੇ ਹਨ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਦਰਬਾਰ ਦੀ ਵਿਸ਼ੇਸ਼ ਇਕਤਰਤਾ

ਮਿਤੀ 16 ਮਾਰਚ ਦਿਨ ਐਤਵਾਰ ਸ੍ਰੀ ਭੈਣੀ ਸਾਹਿਬ, 2025 ਦੇ ਹੋਲਾ ਮਹੱਲਾ ਸਮਾਗਮ ਦੌਰਾਨ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਹਾਲ ਵਿੱਚ ਸਵੇਰੇ 10 ਵਜੇ ਨਾਮਧਾਰੀ ਦਰਬਾਰ ਦੀ ਵਿਸ਼ੇਸ਼ ਇਕੱਤਰਤਾ ਕੀਤੀ ਗਈ, ਜਿਸ ਵਿੱਚ ਨਾਮਧਾਰੀ ਪੰਥ ਦੇ ਦੇਸ਼ ਦੁਨੀਆਂ ਭਰ ਦੇ ਜਥੇਦਾਰਾਂ ਸੂਬੇ ਸਹਿਬਾਨਾਂ ਅਤੇ ਪ੍ਰਬੰਧਕੀ ਅਹੁਦੇਦਾਰਾਂ ਨੇ ਹਿੱਸਾ ਲਿਆ।

ਲੰਮਾਂ ਸਮਾਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਰਹੇ ਸ. ਹਰਵਿੰਦਰ ਸਿੰਘ ਹੰਸਪਾਲ ਜੀ ਦੀ ਸੰਸਾਰਕ ਯਾਤਰਾ ਪੂਰੀ ਹੋਣ ਉਪਰੰਤ ਸ੍ਰੀ ਸਤਿਗੁਰੂ ਜੀ ਵਲੋਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਵਜੋਂ ਸੂਬਾ ਬਲਵਿੰਦਰ ਸਿੰਘ 'ਝੱਲ' ਜੀ ਦਾ ਨਾਮ ਤਾਂ ਪਹਿਲਾਂ ਹੀ ਐਲਾਨਿਆ ਜਾ ਚੁੱਕਾ ਸੀ, ਸੂਬਾ ਜੀ ਦੇ

ਪ੍ਰਧਾਨਗੀ ਆਹੁਦੇ ਦੀ ਸੇਵਾਂ ਸੰਭਾਲਣ ਬਾਅਦ ਇਹ ਦਰਬਾਰ ਵਲੋਂ ਪਹਿਲੀ ਇਕਤਰਤਾ ਸੱਦੀ ਗਈ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹਰਪਾਲ ਸਿੰਘ ਸੋਧੀ ਦੁਆਰਾ ਦਰਬਾਰ ਦੀ ਨਵੀਂ ਬਣੀ ਸਮੂਹ ਸੇਵਾਦਾਰ ਟੀਮ ਦੇ ਨਾਮ ਅਨਾਉਂਸ ਕੀਤੇ ਗਏ- ਸੂਬਾ ਬਲਵਿੰਦਰ ਸਿੰਘ- ਪ੍ਰੈਸੀਡੈਂਟ ਕਮ ਸੈਕਟਰੀ, ਟਹਿਲ ਸਿੰਘ- ਵਾਈਸ ਪ੍ਰੈਸੀਡੈਂਟ, ਰਜਵੰਤ ਕੌਰ- ਵਾਈਸ ਪ੍ਰੈਸੀਡੈਂਟ, ਸੁਲਖਣ ਸਿੰਘ- ਜਨਰਲ ਸੈਕਟਰੀ, ਤਸਵੀਰ ਸਿੰਘ- ਮੈਂਬਰ, ਜੁਝਾਰ ਸਿੰਘ- ਖਜਾਨਚੀ, ਕਰਤਾਰ ਸਿੰਘ- ਮੈਬਰ, ਦਰਬਾਰਾ ਸਿੰਘ- ਮੈਬਰ, ਸੁੰਦਰ ਸਿੰਘ ਹੰਸਪਾਲ- ਮੈਬਰ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਬਖ਼ਸ਼ਿਸ਼ ਕਰਦਿਆ ਨਾਮਧਾਰੀ ਦਰਬਾਰ ਦੇ ਟੀਚੇ ਵਜੋਂ ਪੰਥ ਦੇ ਪ੍ਰਚਾਰ ਪ੍ਰਸਾਰ ਲਈ ਨਵੀਂ ਪਨੀਰੀ ਦੀ ਸਾਂਭ ਸੰਭਾਲ ਗੁਰਬਾਣੀ ਅਧਾਰਤ ਜੀਵਨ ਜਾਂਚ ਲਈ ਆਪਣੇ ਬਚਨਾਂ ਰਾਹੀ ਮਾਰਗ ਦਰਸ਼ਨ ਕੀਤਾ ਅਤੇ ਆਈ ਹੋਈ ਸੰਗਤ ਨੂੰ ਵੀ ਸੁਝਾਅ ਦੇਣ ਲਈ ਹੁਕਮ ਕੀਤਾ। ਸਤਿਗੁਰੂ ਜੀ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਹਰ ਸਿੱਖ ਸ਼ੁਧ ਗੁਰਬਾਣੀ ਪਾਠ ਕਰਨ ਯੋਗ ਹੋਵੇ। ਸੂਬਾ ਹਰਭਜਨ ਸਿੰਘ ਜੀ ਨਵੀਂ ਟੀਮ ਦੇ ਗਠਨ ਦੀਆਂ ਵਧਾਈਆਂ ਦਿੰਦੇ ਪੰਥ ਦੇ ਪ੍ਰਚਾਰ ਪ੍ਰਸਾਰ ਲਈ ਸੁਝਾਅ ਦਿੱਤੇ। ਸ. ਗੁਰਭੇਜ ਸਿੰਘ ਗੁਰਾਇਆ ਨੇ ਆਖਿਆ ਕਿ ਪਿਛਲੇ ਸਮੇਂ ਹਜ਼ੂਰ ਸਤਿਗੁਰੂ ਜੀ ਨੇ ਜਿਸ ਤਰ੍ਹਾਂ ਬਾਹਰਲੇ ਧਾਰਮਿਕ ਅਤੇ ਸਮਾਜਿਕ ਅਦਾਰਿਆ ਨਾਲ ਸਾਂਝ ਵਧਾਈ ਹੈ ਉਸ ਨਾਲ ਪੰਥ ਦਾ ਪ੍ਰਚਾਰ ਬਹੁਤ ਹੋਇਆ। ਇਹ ਮਿਲਣੀਆਂ ਇਹ ਪ੍ਰੋਗਰਾਮ ਅੱਗੇ ਵੀ ਇਸੇ ਤਰ੍ਹਾਂ ਹੀ ਚਲਦੇ ਰਹਿਣ।

ਸੰਤ ਨਿਸ਼ਾਨ ਸਿੰਘ ਜੀ ਨੇ ਵੀ ਵੱਖ-ਵੱਖ ਧਾਰਮਿਕ ਅਦਾਰਿਆ ਨਾਲ ਸਾਂਝ ਵਧਾਉਣ ਦੀ ਗੱਲ ਕੀਤੀ। ਸੂਬਾ ਨਰਿੰਦਰ ਕੌਰ ਜੀ ਨੇ ਆਨੰਦ ਮਰਿਯਾਦਾ ਅਤੇ ਸਾਦਗੀ ਬਾਰੇ ਆਪਣੇ ਸੁਝਾਅ ਦਿੱਤੇ। ਵਿਸ਼ਵ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਸੁਰਿੰਦਰ ਸਿੰਘ ਜੀ ਨੇ ਸਭ ਤੋਂ ਪਹਿਲਾਂ ਤਾਂ ਸਾਰੀ ਨਵੀਂ ਟੀਮ ਨੂੰ ਵਧਾਈ ਦਿੱਤੀ ਅਤੇ ਉਮੀਦ ਜਗਾਈ ਕਿ ਇਹ ਨਵੀਂ ਟੀਮ ਸੂਬਾ ਜੀ ਦੀ ਅਗਵਾਈ ਵਿੱਚ ਪੰਥ ਲਈ ਨਵੇਂ ਕਾਰਜ ਕਰੇਗੀ। ਉਹਨਾਂ ਸਰਕਾਰ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਜਾਰੀ ਹੋਵੇ ਕਰੰਸੀ ਸਿੱਕਿਆਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਤੋਂ ਇਲਾਵਾ ਹੋਰ ਵੀ ਸੱਜਨਾਂ ਨੇ ਆਪਣੇ ਵਡਮੁੱਲੇ ਵਿਚਾਰ ਦਿੱਤੇ ਕਿਵੇਂ ਅਸੀਂ ਹਰ ਵੱਖ-ਵੱਖ ਇਲਾਕਿਆਂ ਵਿੱਚ ਵੱਸਦੀ ਨਾਮਧਾਰੀ ਸੰਗਤ ਵਿੱਚ ਸੰਗੀਤ ਅਤੇ ਗੁਰਬਾਣੀ ਦਾ ਪ੍ਰਚਾਰ ਪ੍ਰਸਾਰ ਕਰ ਸਕਦੇ ਹਾਂ। ਮੇਲਿਆਂ ਤੇ ਵੱਧ ਤੋਂ ਵੱਧ ਗੈਰ ਨਾਮਧਾਰੀ ਸੰਗਤਾਂ ਨੂੰ ਨਾਲ ਲਿਆਉਣ ਬਾਰੇ ਵੀ ਚਰਚਾ ਹੋਈ।

ਉਪਰੰਤ ਹਰਪਾਲ ਸਿੰਘ ਨੇ ਸੂਬਾ ਜੀ ਨੂੰ ਸੱਦਾ ਦੇਣ ਤੋਂ ਪਹਿਲਾਂ ਆਖਿਆ ਕਿ ਹੰਸਪਾਲ ਜੀ ਦੇ ਭੋਗ ਸਮਾਗਮ ਤੇ ਕਿਸੇ ਪੱਤਰਕਾਰ ਨੇ ਸਤਿਗੁਰੂ ਜੀ ਨੂੰ ਸਵਾਲ ਕੀਤਾ ਕਿ ਇਕ ਵੱਡਾ ਜਰਨੈਲ ਚਲਾ ਗਿਆ ਤਾਂ ਸਤਿਗੁਰੂ ਜੀ ਬਚਨ ਕੀਤਾ ਸੀ ਸਭ ਉਸਦੀ ਰਜਾ ਵਿੱਚ ਹੁੰਦਾ ਹੈ ਜਰਨੈਲ ਹੋਰ ਬਣ ਜਾਣਗੇ। ਇਹ ਬਚਨ ਸਤਿਗੁਰੂ ਜੀ ਹੀ ਕਰ ਸਕਦੇ ਅਤੇ ਉਹ ਆਪ ਥਾਪਣ ਵਾਲਾ ਸਮਰੱਥ ਬਖ਼ਸ਼ਣ ਵਾਲਾ ਹੈ, ਸਤਿਗੁਰੂ ਉਹ ਸੂਰਜ ਹੈ ਜਿਸ ਵਿੱਚ ਕਿਸੇ ਨੂੰ ਵੀ ਚੰਦਰਮਾ ਵਾਂਗ ਲਿਸ਼ਕਾਉਣ ਦੀ ਸ਼ਕਤੀ ਹੈ ਅਤੇ ਸਾਡਾ ਨਵਾਂ ਚੰਦਰਮਾ ਭਾਵ ਸਾਡਾ ਨਵਾਂ ਪ੍ਰਧਾਨ ਜਾਣਿਆ ਪਛਾਣਿਆ ਹੈ। ਅਪਣਤ ਜਿਸ ਦੇ ਪੱਲੇ ਹੈ ਸਾਦਗੀ ਜਿਸਦਾ ਆਚਰਨ ਅਤੇ ਸਾਡੇ ਨਾਲ ਰਚਿਆ ਮਿਚਿਆ ਹੈ ਬੋਲਣ ਦਾ ਵੀ ਸਲੀਕਾ ਹੈ। ਗੁਰਬਾਣੀ ਗਿਆਨ ਅਤੇ ਸਿੱਖੀ ਦੀ ਰਮਜ਼ ਦਾ ਵੀ ਵਾਕਫ਼ ਹੈ, ਪ੍ਰਬੰਧਕੀ ਵਿੱਚ ਪਰਪੱਕ ਤਜਰਬੇਕਾਰ ਲੋੜ ਅਨੁਸਾਰ ਜਿਸਨੂੰ ਹਲੀਮੀ ਅਤੇ ਜ਼ੁਰਤ ਵਰਤਨੇ ਖ਼ੂਬ ਆਉਂਦੇ ਹਨ। ਉਪਰੰਤ ਹਰਪਾਲ ਸਿੰਘ ਨੇ ਸੂਬਾ ਜੀ ਨੂੰ ਅੱਜ ਦੀ ਮੀਟਿੰਗ ਵਿੱਚ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਾ ਦਿੱਤਾ। ਸੂਬਾ ਬਲਵਿੰਦਰ ਸਿੰਘ ਝੱਲ ਸਭ ਤੋਂ ਪਹਿਲਾਂ ਇਸ ਸੇਵਾ ਲਈ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਉਹਨਾਂ ਬੋਲਦਿਆਂ ਦੱਸਿਆ ਕਿ ਮੈਂ ਜਿਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਜਿਨ੍ਹਾਂ ਨੇ ਮੇਰਾ ਮਾਰਗ ਦਰਸ਼ਨ ਕੀਤਾ ਅੱਜ ਉਹਨਾਂ ਸਾਹਮਣੇ ਇਸ ਅਹੁਦੇ ਦੇ ਸੇਵਾਦਾਰ ਵਜੋਂ ਬੋਲਣਾਂ ਬੜੇ ਮਾਨ ਦੀ ਗੱਲ ਦੱਸੀ, ਉਨ੍ਹਾਂ ਸੰਤ ਨਿਸ਼ਾਨ ਸਿੰਘ ਜੀ ਸੰਤ ਸੁਰਿੰਦਰ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਵੀ ਕੀਤਾ ਅਤੇ ਸਹਿਯੋਗ ਦੀ ਆਸ ਵੀ ਕੀਤੀ। ਅੱਜ ਦੇ ਵਿਚਾਰਾਂ ਨੂੰ ਰੂਪਮਾਨ ਕਰਨ ਦਾ ਭਰੋਸਾ ਜਤਾਇਆ ਅਤੇ ਭਵਿੱਖ ਵਿੱਚ ਨਵੇਂ ਪ੍ਰੋਗਰਾਮ ਉਲੀਕੇ ਜਾਨ ਬਾਰੇ ਅਤੇ ਇਸ ਤਰ੍ਹਾਂ ਦੀਆਂ ਇੱਕਤਰਤਾਵਾਂ ਕਰਦੇ ਰਹਿਣ ਬਾਰੇ ਆਖਿਆ। ਅੱਜ ਦੀ ਮੀਟਿੰਗ ਵਿੱਚ ਸੂਬਾ ਅਰਵਿੰਦ ਸਿੰਘ ਦਿੱਲੀ, ਬੀਬੀ ਰਜਵੰਤ ਕੌਰ, ਆਸਾ ਸਿੰਘ ਸੇਵਕ, ਕਰਤਾਰ ਸਿੰਘ ਸੇਵਕ, ਗੁਰਨਾਮ ਸਿੰਘ, ਕਿਰਪਾਲ ਸਿੰਘ ਚਾਨਾ, ਸੂਬਾ ਸੁਖਵਿੰਦਰ ਕੌਰ, ਸੂਬਾ ਅਮਰੀਕ ਸਿੰਘ, ਗੁਰਭੇਜ ਸਿੰਘ ਤਰਨਤਾਰਨ, ਜਥੇ. ਜੋਗਾ ਸਿੰਘ ਆਦਿ 70 ਦੇ ਕਰੀਬ ਸੂਬੇ ਸਾਹਿਬਾਨ ਅਤੇ ਹੋਰ ਅਹੁਦੇਦਾਰਾ ਨੇ ਅੱਜ ਦੀ ਇਕੱਤਰਤਾ ਵਿੱਚ ਹਿੱਸਾ ਲਿਆ।

**ਹਰਪਾਲ ਸਿੰਘ ਸੋਧੀ**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਯਾਦਗਾਰੀ ਸਨਮਾਨ

## ਪ੍ਰਾਪਤ ਕਰਤਾ : ਡਾਕਟਰ ਰਜਵੰਤ ਕੌਰ

# ਸਨਮਾਨ-ਪੱਤਰ

1975 ਈ. ਤੋਂ ਸ਼ੁਰੂ ਹੋਇਆ ਮਾਸਿਕ ਵਰਿਆਮ ਨਾਮਧਾਰੀ ਸਾਹਿਤ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਪੰਜਾਬੀ ਦੇ ਸਮਕਾਲੀ ਸਾਹਿਤਕ ਸਰੋਕਾਰਾਂ ਨਾਲ ਕੁਝ ਇਸ ਤਰ੍ਹਾਂ ਜੁੜਿਆ ਕਿ ਹੁਣ ਇਹ ਪੰਜਾਬੀ ਪਰਚਿਆਂ ਵਿੱਚ ਆਪਣੀ ਵਿਲੱਖਣ ਪਛਾਣ ਸਥਾਪਿਤ ਕਰ ਚੁੱਕਾ ਹੈ। ਵਰਿਆਮ ਨੂੰ ਪੰਜਾਬੀ ਸਾਹਿਤ ਦੇ ਤਕਰੀਬਨ ਸਾਰੇ ਹੀ ਨਾਮਵਰ ਹਸਤਾਖਰਾਂ ਨੂੰ ਆਪਣੇ ਪੰਨਿਆਂ ਤੇ ਛਾਪਣ ਦਾ ਮਾਣ ਹਾਸਿਲ ਹੈ। ਵਰਿਆਮ ਨੇ ਧਰਮ, ਸਮਾਜ, ਸੱਭਿਆਚਾਰ, ਸਾਹਿਤ, ਸੰਗੀਤ ਅਤੇ ਹੋਰ ਖੇਤਰਾਂ ਵਿੱਚ ਵੀ ਪਹਿਲ ਕਦਮੀ ਕੀਤੀ ਹੈ।

ਡਾਕਟਰ ਰਜਵੰਤ ਕੌਰ, ਪੰਜਾਬੀ ਸਾਹਿਤਕ ਮਾਸਿਕ ਪਰਚੇ ਵਰਿਆਮ ਦੇ ਵਰਤਮਾਨ ਸੰਪਾਦਕ ਹਨ। ਬੀਬੀ ਜੀ ਦਾ ਜਨਮ, ਵਰਿਆਮ ਮਾਸਿਕ ਦੇ ਬਾਨੀ ਸ. ਜਗਦੀਸ਼ ਸਿੰਘ ਵਰਿਆਮ ਅਤੇ ਬੀਬੀ ਬਖਸ਼ੀਸ਼ ਕੌਰ ਜੀ ਦੇ ਘਰ ਜਲੰਧਰ ਵਿਖੇ 28 ਜਨਵਰੀ 1970 ਨੂੰ ਹੋਇਆ। ਡਾ. ਰਜਵੰਤ ਕੌਰ ਦੀਆਂ ਦੋ ਵੱਡੀਆਂ ਭੈਣਾਂ ਗੁਰਦਰਸ਼ਨ ਕੌਰ ਅਤੇ ਸਤਵੰਤ ਕੌਰ, ਸ. ਗੁਰਚੈਨ ਸਿੰਘ ਫਲੌਰਾ ਦੀਆਂ ਨੂੰਹਾਂ ਹਨ ਜੋ ਅੱਜਕੱਲ੍ਹ ਇੰਗਲੈਂਡ ਵਿੱਚ ਹਨ। ਇਨ੍ਹਾਂ ਦੇ ਦਾਦਾ ਜੀ ਜਥੇਦਾਰ ਨੱਥਾ ਸਿੰਘ ਪਿੰਡ ਢੇਹ (ਸਿਆਲਕੋਟ) ਵਾਲੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨ ਭੌਰੇ ਸਨ। ਮੰਡੀ ਫੈਂਟਨ ਗੰਜ ਸੀਨੀਅਰ ਸੈਕੰਡਰੀ ਸਕੂਲ, ਜਲੰਧਰ ਤੋਂ ਮੈਟਰਿਕ ਪਾਸ ਕਰਕੇ ਹੰਸ ਰਾਜ ਮਹਿਲਾ ਵਿਦਿਆਲਾ ਜਲੰਧਰ ਤੋਂ ਬਾਰ੍ਹਵੀਂ ਕਰਕੇ ਰਜਵੰਤ ਕੌਰ ਨੇ ਡੀ. ਏ. ਵੀ. ਆਯੁਰਵੈਦਿਕ ਕਾਲਜ ਜਲੰਧਰ ਤੋਂ ਬੀ.ਏ.ਐਮ.ਐਸ ਦੀ ਡਿਗਰੀ ਪ੍ਰਾਪਤ ਕੀਤੀ। ਵਰਿਆਮ ਦੰਪਤੀ ਦੀਆਂ ਵੱਡੀਆਂ ਸਪੁੱਤਰੀਆਂ ਵਾਂਗ ਹੀ ਡਾ. ਰਜਵੰਤ ਕੌਰ ਦਾ ਅਨੰਦ ਕਾਰਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਨੁਸਾਰ ਦਿੱਲੀ ਨਿਵਾਸੀ ਇੰਜੀਨੀਅਰ ਰਾਣਾ ਤੇਜਵੰਤ ਸਿੰਘ ਸੱਗੂ, ਸਪੁੱਤਰ ਪ੍ਰੋ. ਤਾਰਾ ਸਿੰਘ ਜੀ 'ਅਨਜਾਣ', ਨਾਲ 16 ਸਤੰਬਰ 1996 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਗ੍ਰਿਹਸਤ ਜੀਵਨ ਦੇ ਫਲ ਵਜੋਂ ਅਕਸਵੀਰ ਸਿੰਘ ਸੱਗੂ ਅਤੇ ਅੰਗਦ ਜੀ ਸੱਗੂ ਦੋ ਪੁੱਤਰ ਰਤਨਾਂ ਦੀ ਪ੍ਰਾਪਤੀ ਹੋਈ। 2005-6 ਵਿੱਚ ਇੰਦਰ ਪ੍ਰਸਥ ਅਪੋਲੋ ਹਸਪਤਾਲ ਤੋਂ ਬੀਬੀ ਜੀ ਨੇ ਹਸਪਤਾਲ ਪ੍ਰਬੰਧਨ ਦਾ ਪੋਸਟ ਗ੍ਰੈਜੂਏਟ ਡਿਪਲੋਮਾ ਕੀਤਾ। ਜਲੰਧਰ, ਦਿੱਲੀ ਅਤੇ ਲੁਧਿਆਣੇ ਦੇ ਹਸਪਤਾਲਾਂ ਵਿੱਚ ਡਾਕਟਰੀ ਅਤੇ ਪ੍ਰਬੰਧਕੀ ਸੇਵਾਵਾਂ ਨਿਭਾਹੀਆਂ।

ਦਸੰਬਰ 2015 ਤੋਂ ਸ. ਜਗਦੀਸ਼ ਸਿੰਘ ਵਰਿਆਮ ਹੋਰਾਂ ਦੇ ਅ-ਸੁਅਸਥ ਹੋਣ ਕਾਰਨ ਵਰਿਆਮ ਪਰਚੇ ਦਾ ਕੰਮ ਸੰਭਾਲਣਾਂ ਸ਼ੁਰੂ ਕੀਤਾ। 4 ਮਾਰਚ 2017 ਨੂੰ ਵਰਿਆਮ ਜੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬਚਨ ਕੀਤਾ ਕਿ 'ਵਰਿਆਮ ਚੱਲਣਾ ਚਾਹੀਦਾ ਹੈ', ਅਤੇ ਇਹ ਜ਼ਿੰਮੇਵਾਰੀ ਬੀਬੀ ਜੀ ਨੂੰ ਸੰਭਾਲ ਦਿੱਤੀ। ਡਾ. ਰਜਵੰਤ ਕੌਰ ਨੇ ਆਪਣੇ ਧਰਮ ਪਿਤਾ ਪ੍ਰੋ. ਤਾਰਾ ਸਿੰਘ ਅਨਜਾਣ ਜੀ ਦੇ ਮਾਰਗ ਦਰਸ਼ਨ ਹੇਠ ਅਤੇ ਆਪਣੇ ਚਾਚਾ ਜੀ ਸ. ਨਰੈਣ ਸਿੰਘ ਜੀ ਜਲੰਧਰ ਦੇ ਸਹਿਯੋਗ ਨਾਲ ਇਹ ਕਾਰਜ ਸ਼ੁਰੂ ਕੀਤਾ ਜਿਸਨੂੰ ਹੁਣ ਤਕ ਸਫਲਤਾ ਪੂਰਵਕ ਨਿਭਾ ਰਹੇ ਹਨ।

ਇਹਨਾਂ ਨੇ ਆਪਣੇ ਸੰਪਾਦਕੀ ਕਾਲ ਵਿੱਚ ਸਤਿਗੁਰੂ ਨਾਨਕ ਦੇਵ 550 ਸਾਲਾ ਅੰਕ, ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਅੰਕ, ਸਤਿਗੁਰੂ ਹਰੀ ਸਿੰਘ 200 ਸਾਲਾ ਅੰਕ, ਸਤਿਗੁਰੂ ਪ੍ਰਤਾਪ ਸਿੰਘ ਯਾਦਗਾਰੀ ਅੰਕ, ਮਾਤਾ ਭੁਪਿੰਦਰ ਕੌਰ ਅਤੇ ਮਾਤਾ ਚੰਦ ਕੌਰ ਜੀ ਅੰਕ, ਸਤਿਗੁਰੂ ਉਦੇ ਸਿੰਘ ਜੀ ਦੇ ਗੁਰਗੱਦੀ ਦੇ ਦਸ ਸਾਲਾ ਅੰਕ, ਗਿਆਨੀ ਗਿਆਨ ਸਿੰਘ ਅੰਕ ਅਤੇ ਕਿਸਾਨ ਅੰਦੋਲਨ ਇਤਿਆਦਿਕ ਮਹੱਤਵਪੂਰਨ ਅੰਕ ਪ੍ਰਕਾਸ਼ਿਤ ਕੀਤੇ ਹਨ।

ਬੀਬੀ ਜੀ ਦੀਆਂ ਪੰਥਕ ਅਤੇ ਸਾਹਿਤਕ ਸੇਵਾਵਾਂ ਸਦਕਾ ਉਹਨਾਂ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਇਸ ਸਾਲ ਦੇ 'ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਯਾਦਗਾਰੀ ਸਨਮਾਨ' ਨਾਲ ਨਿਵਾਜੇ ਜਾਣ 'ਤੇ ਸਮੂਹ ਨਾਮਧਾਰੀ ਸਾਧ ਸੰਗਤ ਖੁਸ਼ੀ ਪ੍ਰਗਟ ਕਰਦੀ ਹੈ।

**ਮਿਤੀ:**
**੩ ਚੇਤਰ ੨੦੮੧**
**16 ਮਾਰਚ 2025 ਈ.**

**ਹੋਲਾ ਮਹੱਲਾ**
**ਸ੍ਰੀ ਭੈਣੀ ਸਾਹਿਬ,**
**ਲੁਧਿਆਣਾ (ਪੰਜਾਬ)**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# 'ਕਾਵਿ ਭੂਸ਼ਣ ਸੰਤ ਜੀਵਨ ਸਿੰਘ ਸਨਮਾਨ'

## ਪ੍ਰਾਪਤ ਕਰਤਾ : ਸੰਤ ਹਰਵੇਲ ਸਿੰਘ ਜੀ ਕਵੀਸ਼ਰ

## ਸਨਮਾਨ-ਪੱਤਰ

ਸੰਤ ਹਰਵੇਲ ਸਿੰਘ ਕਵੀਸ਼ਰ, ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੁਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਪਿਛਲੇ ਛੇ ਦਹਾਕਿਆਂ ਤੋਂ ਕਵੀਸ਼ਰੀ ਅਤੇ ਕਥਾ ਦੁਆਰਾ ਗੁਰ ਸੰਗਤਾਂ ਨੂੰ ਨਿਹਾਲ ਕਰਦੇ ਆ ਰਹੇ ਹਨ। ਉਹਨਾਂ ਦੇ ਵਡੇਰੇ 'ਕੋਲੀਆਂ ਵਾਲਾ ਜੋਸਨਾਂ ਦਾ' (ਕਪੂਰਥਲਾ) ਤੋਂ ਉਠ ਕੇ ਮਾਨਾਂ ਵਾਲਾ (ਸ਼ੇਖੂਪੁਰਾ) ਦੇ ਮਾਨ ਸਰਦਾਰਾਂ ਦੇ ਰਕਬੇ ਵਿਚ ਖੇਤੀ ਬਾੜੀ ਕਰਦੇ ਸਨ। ਇਹ ਸਰਦਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸੰਤ ਸੁੰਦਰ ਸਿੰਘ 'ਭੂਰੀ ਵਾਲਿਆਂ' ਦੇ ਉਪਾਸ਼ਕ ਸਨ। ਸੰਤਾਂ ਭੂਰੀ ਵਾਲਿਆਂ ਦੀ ਪ੍ਰੇਰਨਾਂ ਨਾਲ ਹੀ ਹਰਵੇਲ ਸਿੰਘ ਦਾ ਦਾਦਾ ਭਗਤ ਸਿੰਘ ਕੰਬੋਜ ਨਾਮਧਾਰੀ ਸਿੰਘ ਸਜ ਗਿਆ। ਉਸ ਦਾ ਲੜਕਾ ਲਛਮਣ ਸਿੰਘ ਅਤੇ ਹੋਰ ਪਰਿਵਾਰ ਬਟਵਾਰੇ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਜੀਵਨ ਨਗਰ ਦੇ ਗੁਆਂਢੀ ਪਿੰਡ ਸੰਤਾਂ ਵਾਲੀ ਵਿਚ ਆ ਵੱਸੇ। ਲਛਮਣ ਸਿੰਘ, ਗੁਰਾਇਆ (ਸ਼ੇਖੂਪੁਰਾ) ਦੇ ਈਸ਼ਰ ਸਿੰਘ ਦੀ ਪੁੱਤਰੀ ਅਤਰ ਕੌਰ ਨਾਲ ਵਿਆਹਿਆ ਸੀ। ਇਹਨਾਂ ਦੇ ਘਰ ਸੰਤਾਂ ਵਾਲੀ ਵਿਖੇ 2 ਮਾਰਚ 1950 ਨੂੰ ਹਰਵੇਲ ਸਿੰਘ ਦਾ ਜਨਮ ਹੋਇਆ ਜਿਸਦੇ 4 ਭਰਾ 'ਤੇ 3 ਭੈਣਾਂ ਹੋਰ ਹਨ।

ਹਰਵੇਲ ਸਿੰਘ ਨੇ ਮੁੱਢਲੀ ਵਿਦਿਆ ਸੰਤਾਂ ਵਾਲੀ ਤੋਂ ਪੜ੍ਹਕੇ ਸਰਕਾਰੀ ਸਕੂਲ ਨਕੌੜਾ ਤੋਂ 1963 ਵਿਚ ਮਿਡਲ ਪਾਸ ਕੀਤੀ। ਸਕੂਲ ਪੜ੍ਹਦਿਆਂ ਸਮੇਂ ਹੀ ਗਾਇਕੀ ਦੀ ਚੇਟਕ ਲਗੀ। ਕਈ ਵਾਰ ਮਹੀਨੇ ਮੱਸਿਆ 'ਤੇ ਗੁਰਦਵਾਰੇ ਵਿਚ ਵੀ ਸੰਗਤ, ਗੀਤ ਬੋਲਣ ਲਈ ਖੜਾ ਕਰ ਦਿੰਦੀ। ਇਸੇ ਦੌਰਾਨ ਕਿਸੇ ਸਮੇਂ ਸੰਤ ਜੀਵਨ ਸਿੰਘ ਕਵੀਸ਼ਰ ਦੇ ਸਹਿਯੋਗੀ, ਸੰਤ ਸਵਿੰਦਰ ਸਿੰਘ ਰਾਣੀਆਂ ਨੂੰ ਇਸਦੀ ਆਵਾਜ਼ ਬੜੀ ਪਸੰਦ ਆਈ 'ਤੇ ਉਸਦੇ ਕਹਿਣ 'ਤੇ ਹਰਵੇਲ ਸਿੰਘ ਨੂੰ ਕਵੀ ਜੀ ਨੇ ਆਪਣੇ ਜੱਥੇ ਵਿਚ ਸ਼ਾਮਿਲ ਕਰ ਲਿਆ। ਅਲਪ ਆਯੂ ਵਿਚ ਹੀ ਹਰਵੇਲ ਸਿੰਘ ਨੇ ਆਪਣੇ ਆਪ ਨੂੰ ਕਵੀਸ਼ਰੀ ਗਾਇਕੀ ਲਈ ਸਮਰਪਿਤ ਕਰ ਦਿਤਾ। ਗਾਇਕੀ ਤੋਂ ਇਲਾਵਾ ਉਹ ਆਪਣੇ ਉਸਤਾਦ ਸੰਤ ਜੀਵਨ ਸਿੰਘ ਜੀ ਦੀ ਸੇਵਾ ਵਿਚ ਵੀ ਜੀਅ-ਜਾਨ ਨਾਲ ਜੁੱਟ ਗਿਆ। ਕਵੀਸ਼ਰ ਜੀ ਦੀ ਸੇਵਾ ਸਦਕਾ ਹੀ ਸਮੇਂ ਸਮੇਂ ਹਰਵੇਲ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਾਢੇ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਇਸ ਜੱਥੇ ਵਿਚ ਸ਼ਾਮਿਲ ਹੋਕੇ ਦੇਸ਼ਾਂ-ਵਿਦੇਸ਼ਾਂ ਵਿਚ ਗੁਰਸਿੱਖੀ ਦਾ ਪ੍ਰਚਾਰ ਕੀਤਾ।

ਬਾਜੇਕਾਂ (ਸਿਰਸਾ) ਦੇ ਸਮੁੰਦ ਸਿੰਘ ਨਾਮਧਾਰੀ ਦੀ ਪੁੱਤਰੀ ਬੀਬੀ ਪ੍ਰਕਾਸ਼ ਕੌਰ ਨਾਲ ਹਰਵੇਲ ਸਿੰਘ ਦਾ ਕਰੀਵਾਲਾ ਦੇ 1973 ਦੇ ਹੋਲੇ ਮਹੱਲੇ ਸਮੇਂ ਅਨੰਦ ਕਾਰਜ ਹੋਇਆ। ਗ੍ਰਿਹਸਤ ਜੀਵਨ ਵਿਚ ਆਪ ਦੇ ਘਰ ਦੋ ਪੁੱਤਰ 'ਤੇ ਦੋ ਪੁੱਤਰੀਆਂ ਹਨ। ਸਾਰਾ ਪਰਿਵਾਰ ਆਪਣੇ ਆਪਣੇ ਥਾਂਈ ਸੁਖੀ ਵਸ ਰਿਹਾ ਹੈ। ਅਜਕਲ ਉਹ ਰਾਣੀਆਂ ਵਿਚ ਨਿਵਾਸ ਕਰ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ 1986 ਤੋਂ 1990 ਤਕ ਨਾਮਧਾਰੀ ਗੁਰਦਵਾਰਾ ਰਮੇਸ਼ ਨਗਰ ਵਿਖੇ ਮਹੰਤ ਵਜੋਂ ਸੇਵਾ ਨਿਬਾਹੀ। 1988 ਈ. ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਜ਼ੂਰੀ ਵਿਚ ਨਾਮਧਾਰੀ ਧਰਮਸ਼ਾਲਾ ਦਿੱਲੀ ਵਿਖੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਦਿਵਸ ਸਮੇਂ ਕਵੀਸ਼ਰੀ ਜੱਥੇ ਨੇ ਸ਼ਹੀਦੀ ਪ੍ਰਸੰਗ ਸੁਣਾਉਦਿਆਂ, ਕੁਝ ਐਸਾ ਰੰਗ ਬੰਨਿਆ ਕਿ ਸਤਿਗੁਰੂ ਜੀ ਨੇ ਹੰਸਪਾਲ ਜੀ ਦੀ ਮਾਰਫਤ ਹਾਜ਼ਰ ਸੰਗਤ ਨੂੰ ਕਤਾਰ-ਬੱਧ ਹੋ ਕੇ ਕਵੀਸ਼ਰੀ ਜੱਥੇ ਨੂੰ ਘੱਟੋ ਘੱਟ ਪੰਜ ਦਮੜੇ ਭੇਟ ਕਰਨ ਲਈ ਕਿਹਾ। ਇਹ ਸੁਣਦਿਆਂ ਹੀ ਸੰਤ ਸਵਿੰਦਰ ਸਿੰਘ ਮਸਤਾਨੇ ਹੋਕੇ ਕਹਿਣ ਲੱਗੇ- ਸੱਚੇ ਪਾਤਸ਼ਾਹ ਜੀ, ਮਾਇਆ ਨਹੀਂ, ਖੁਸ਼ੀਆਂ ਬਖਸ਼ੋ। ਸਤਿਗੁਰੂ ਜੀ ਨੇ ਭੁਜਾ ਉਲਾਰ ਕੇ ਬਚਨ ਕੀਤਾ 'ਸਤਿਗੁਰੂ ਜੀ ਦੀਆਂ ਤੁਹਾਨੂੰ ਸਦਾ ਖੁਸ਼ੀਆਂ'।

ਸੰਨ 2000 ਵਿਚ ਕਾਵਿ ਭੂਸ਼ਣ ਜੀ ਦੇ ਚਲਾਣੇ ਬਾਅਦ ਪੁਰਾਣੇ ਸੰਗੀ ਸਵਿੰਦਰ ਸਿੰਘ ਅਤੇ ਉਸਦੇ ਪੁੱਤਰ ਜਸਬੀਰ ਸਿੰਘ ਨਾਲ ਜਥਾ ਬਣਾਕੇ ਕਵੀਸ਼ਰੀ ਕਰਦੇ ਰਹੇ। ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਆਪ ਨੇ ਕਵੀਸ਼ਰੀ ਦੀ ਬਜਾਏ ਕਥਾ ਵਾਚਨ ਦਾ ਖੇਤਰ ਚੁਣ ਲਿਆ। ਹੁਣ ਵੀ ਉਹ ਕਥਾ ਵਾਚਕ ਦੇ ਤੌਰ ਤੇ ਸੰਗਤ ਵਿਚ ਵਿਚਰ ਰਹੇ ਹਨ। ਉਹ ਆਪਣੀਆਂ ਸਾਰੀਆਂ ਪ੍ਰਾਪਤੀਆਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦਾ ਫਲ ਸਮਝਦੇ ਹਨ।

ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਤੋਂ ਉਹਨਾਂ ਨੂੰ 'ਕਾਵਿ ਭੂਸ਼ਣ ਸੰਤ ਜੀਵਨ ਸਿੰਘ ਸਨਮਾਨ' ਨਾਲ ਨਿਵਾਜੇ ਜਾਣ 'ਤੇ ਸਾਧ ਸੰਗਤ ਖੁਸ਼ੀ ਦਾ ਪ੍ਰਗਟਾਵਾ ਕਰਦੀ ਹੈ।

**ਮਿਤੀ:**
**੩ ਚੇਤਰ ੨੦੮੧**
**16 ਮਾਰਚ 2025 ਈ.**

**ਹੋਲਾ ਮਹੱਲਾ**
**ਸ੍ਰੀ ਭੈਣੀ ਸਾਹਿਬ,**
**ਲੁਧਿਆਣਾ (ਪੰਜਾਬ)**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸੇਵਾ ਸਨਮਾਨ

## ਸਨਮਾਨ-ਪੱਤਰ

ਸਿੱਖ ਧਰਮ ਵਿੱਚ ਸੇਵਕ ਦਾ ਰੁਤਬਾ ਸ਼੍ਰੋਮਣੀ ਹੈ। ਸੇਵਾ ਕਰਕੇ ਸਿੱਖਾਂ ਨੇ ਅਟੱਲ ਪੱਦਵੀ ਦੀ ਪ੍ਰਾਪਤੀ ਕੀਤੀ। ਜੋ ਸੇਵਕ ਨਿਮਾਣਾ ਹੋ ਕੇ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਦਾ ਹੋਇਆ ਆਪਣੇ ਪ੍ਰੀਤਮ ਗੁਰੂ ਨੂੰ ਰੀਝਾ ਲੈਂਦਾ ਹੈ, ਉਸ ਨੂੰ ਸਦੀਵੀ ਆਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਅਜਿਹੇ ਹੀ ਗੁਰੂ ਘਰ ਦੇ ਅਣਥੱਕ ਸੇਵਕ ਹਨ ਸੂਬਾ ਅਜੀਤ ਸਿੰਘ ਜੀ 'ਬਟਾਲਾ'।

ਸੂਬਾ ਅਜੀਤ ਸਿੰਘ ਜੀ ਦਾ ਜਨਮ ਮਾਤਾ ਮਹਿੰਦਰ ਕੌਰ ਅਤੇ ਪਿਤਾ ਸੰਤ ਬੰਤਾ ਸਿੰਘ ਜੀ ਦੇ ਘਰ ਪਿੰਡ ਗਾਜ਼ੀਵਾਲ, ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ (ਅਣਵੰਡੇ ਪੰਜਾਬ) ਵਿਚ 4 ਮਾਰਚ 1946 ਨੂੰ ਹੋਇਆ। ਸੂਬਾ ਜੀ ਦੇ ਪਿਤਾ ਜੱਦੀ ਨਾਮਧਾਰੀ ਨਹੀਂ ਸਨ। ਪਰ ਨਾਨਕਾ ਪਰਿਵਾਰ ਟਕਸਾਲੀ ਨਾਮਧਾਰੀ ਸੀ। ਸੰਤ ਬੰਤਾ ਸਿੰਘ ਜੀ ਲੱਕੜ ਦੇ ਕੁਸ਼ਲ ਕਾਰੀਗਰ ਸਨ। ਉਹ ਰਾਵਲਪਿੰਡੀ ਵਿਚ ਕੰਮ ਕਰਦੇ ਸਨ। ਉਥੇ ਉਨ੍ਹਾਂ ਦੀ ਨਾਮਧਾਰੀ ਪਰਿਵਾਰਾਂ ਨਾਲ ਸੰਗਤ ਹੋਣ ਕਰਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ, ਸਤਿਗੁਰਾਂ ਦੀ ਪਿਆਰ ਭਰੀ ਮੁਸਕਾਨ ਨੇ ਸਰਦਾਰ ਬੰਤਾ ਸਿੰਘ ਦਾ ਮਨ ਮੋਹ ਲਿਆ ਤੇ ਉਹ ਸਤਿਗੁਰੂ ਜੀ ਦੇ ਹੀ ਬਣ ਗਏ।

ਦੇਸ਼-ਵੰਡ ਤੋਂ ਬਾਅਦ ਪਰਿਵਾਰ ਬਟਾਲੇ ਆ ਗਿਆ। ਪਰਿਵਾਰ ਵਿਚ ਦੋ ਭਰਾਵਾਂ ਤੇ ਦੋ ਭੈਣਾਂ ਵਿਚੋਂ ਸੂਬਾ ਜੀ ਸਭ ਤੋਂ ਵੱਡੇ ਹਨ। ਸਕੂਲੀ ਵਿਦਿਆ ਦੌਰਾਨ ਮੈਟ੍ਰਿਕ ਦੀ ਪੜ੍ਹਾਈ ਕੀਤੀ। ਮਸ਼ੀਨ ਟੂਲ ਇੰਡਸਟਰੀ ਦਾ ਕੰਮ ਸ਼ੁਰੂ ਕੀਤਾ ਅਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਸਫਲ ਕਾਰੋਬਾਰੀ ਬਣੇ। 1971 ਵਿੱਚ ਸੂਬਾ ਜੀ ਦਾ ਆਨੰਦ ਕਾਰਜ ਬੀਬੀ ਜੋਗਿੰਦਰ ਕੌਰ ਨਾਲ ਹੋਇਆ। ਜਿਨ੍ਹਾਂ ਨੇ ਸੂਬਾ ਜੀ ਦੇ ਮੋਢੇ ਨਾਲ ਮੋਢਾ ਜੋੜਕੇ ਨਾਮਧਾਰੀ ਸਾਧ ਸੰਗਤ ਦੀ ਸੇਵਾ ਕੀਤੀ ਹੈ। ਸੰਤਾਨ ਵਜੋਂ ਸੂਬਾ ਜੀ ਦੇ ਦੋ ਸਪੁੱਤਰ ਤੇ ਤਿੰਨ ਪੁੱਤਰੀਆਂ ਹਨ।

18-20 ਸਾਲ ਦੀ ਉਮਰ ਵਿੱਚ ਆਪ ਗੁਰਬਾਣੀ ਦੇ ਵਧੀਆ ਪਾਠੀ ਬਣ ਗਏ। ਸ਼ਬਦ ਕੀਰਤਨ ਦੀ ਲਾਗ ਸੰਤ ਅਫ਼ਰ ਸਿੰਘ ਜੀ ਭਗਤਾਣੇ ਵਾਲਿਆਂ ਤੋਂ ਲੱਗੀ। ਸੂਬਾ ਜੀ ਦੇ ਪਿਤਾ ਜੀ ਦਾ, ਨਾਮਧਾਰੀ ਪ੍ਰਚਾਰਕ ਸੰਤ ਗਿਆਨ ਸਿੰਘ ਜੀ ਵੀਰੋਕਿਆਂ ਵਾਲਿਆਂ ਨਾਲ ਬੜਾ ਨਿੱਘਾ ਪਿਆਰ ਸੀ। ਜਿਸ ਕਾਰਨ ਸੂਬਾ ਜੀ ਨੂੰ, ਸੰਤ ਗਿਆਨ ਸਿੰਘ ਜੀ ਦੀ ਸੰਗਤ ਕਰਨ ਦਾ ਸਬੱਬ ਮਿਲਿਆ। ਅੱਜ ਵੀ ਜਦੋਂ ਸੂਬਾ ਜੀ ਦੀਵਾਨ ਲਾਉਂਦੇ ਹਨ ਤਾਂ ਉੱਚੀ ਸੁਰਾਂ 'ਚ ਰੀਤਾਂ ਪੜਦਿਆਂ, ਸੰਤ ਗਿਆਨ ਸਿੰਘ ਜੀ ਦੇ ਦੀਵਾਨ ਦੀ ਝਲਕ ਪੈਂਦੀ ਹੈ।

16 ਕੁ ਸਾਲ ਦੀ ਉਮਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਨੇੜਤਾ ਬਣੀ ਤਾਂ ਸਤਿਗੁਰੂ ਜੀ ਨੇ ਸਿਰ 'ਤੇ ਹੱਥ ਰੱਖਕੇ ਪੰਥਕ ਕਾਰਜਾਂ ਲਈ ਪ੍ਰੇਰਿਆ। ਸੰਨ 1985 ਦੇ ਲਗਭਗ ਨਾਮਧਾਰੀ ਵਿਦਿਅਕ ਜੱਥੇ ਦੇ ਪ੍ਰਧਾਨ ਵਜੋਂ ਸੇਵਾ ਸੌਂਪੀ । ਫਿਰ 1996 ਵਿੱਚ ਸਤਿਗੁਰੂ ਜੀ ਵੱਲੋਂ, ਸੂਬਾ ਜੀ ਦੀ ਉਚ ਪਦਵੀ ਨਾਲ ਨਿਵਾਜਿਆ ਗਿਆ। ਇਸ ਦੇ ਨਾਲ ਹੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਸੂਬਾ ਜੀ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੈਕਟਰੀ, ਡਿਸਟ੍ਰਿਕ ਪ੍ਰੈਜ਼ੀਡੈਂਟ ਰਾਸ਼ਟਰੀ ਸਿੱਖ ਸੰਗਤ ਅਤੇ ਪ੍ਰੈਜ਼ੀਡੈਂਟ B.C ਸੈਲ ਵਜੋਂ ਵੀ ਸੇਵਾਵਾਂ ਨਿਭਾਉਂਦੇ ਰਹੇ। ਆਪ ਜੀ ਦੀ ਲੋਕਾਂ ਵਿੱਚ, ਰਾਜਨੀਤਿਕ ਹਲਕਿਆਂ 'ਤੇ ਸਰਕਾਰੀ-ਤੰਤਰ ਵਿੱਚ ਚੰਗੀ ਜਾਣ ਪਛਾਣ ਹੈ।

1984 ਦੇ ਕਾਲੇ ਦੌਰ ਵਿੱਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਦਰਜਨਾਂ ਨਾਮਧਾਰੀ ਅਤੇ ਹੋਰ ਸਿੱਖ ਨੌਜਵਾਨਾਂ ਨੂੰ ਪੁਲਿਸ ਤਸ਼ੱਦਦ 'ਤੇ ਸਰਕਾਰੀ ਜਬਰ ਤੋਂ ਛੁਡਾਉਣ ਦੇ ਸਫਲ ਯਤਨ ਕੀਤੇ। ਲੋੜਵੰਦਾਂ ਦੀ ਸੇਵਾ ਲਈ ਸੂਬਾ ਜੀ ਦੇ ਘਰ ਦੇ ਦਰਵਾਜੇ 24 ਘੰਟੇ ਖੁੱਲ੍ਹੇ ਰਹਿੰਦੇ ਹਨ। ਸੇਵਾ ਕਰਦਿਆਂ ਭਾਵੇਂ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਪਰ ਸੂਬਾ ਜੀ ਦਾ ਮੰਨਣਾ ਹੈ ਜੇ ਸਿਰ 'ਤੇ ਸਤਿਗੁਰੂ ਦਾ ਹੱਥ ਹੋਵੇ ਤਾਂ ਸਦਾ ਚੜ੍ਹਦੀ ਕਲਾ ਰਹਿੰਦੀ ਹੈ।

ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਸੂਬਾ ਅਜੀਤ ਸਿੰਘ ਜੀ ਨੂੰ "ਸੇਵਾ ਸਨਮਾਨ" ਨਾਲ ਨਿਵਾਜੇ ਜਾਣ 'ਤੇ ਨਾਮਧਾਰੀ ਸੰਗਤ ਬੇਅੰਤ ਖੁਸ਼ੀ ਮਹਿਸੂਸ ਕਰਦੀ ਹੈ।

**ਮਿਤੀ:**
**੩ ਚੇਤਰ ੨੦੮੧**
**16 ਮਾਰਚ 2025 ਈ.**

**ਹੋਲਾ ਮਹੱਲਾ**
**ਸ੍ਰੀ ਭੈਣੀ ਸਾਹਿਬ,**
**ਲੁਧਿਆਣਾ (ਪੰਜਾਬ)**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸੂਬਾ ਕਰਤਾਰ ਸਿੰਘ 'ਹੇਠੀਆਂ' ਯਾਦਗਾਰੀ ਸਨਮਾਨ

## ਪ੍ਰਾਪਤ ਕਰਤਾ: ਸੰਤ ਨਰਿੰਦਰ ਸਿੰਘ ਜੀ (ਪ੍ਰਧਾਨ)

## ਸਨਮਾਨ-ਪੱਤਰ

*ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥*

ਸਿੱਖ ਧਰਮ ਵਿੱਚ ਸੇਵਕ ਦਾ ਰੁਤਬਾ ਸ਼੍ਰੋਮਣੀ ਹੈ। ਸੇਵਾ ਕਰਕੇ ਸਿੱਖਾਂ ਨੇ ਅਟੱਲ ਪਦਵੀ ਦੀ ਪ੍ਰਾਪਤੀ ਕੀਤੀ। ਜੋ ਸੇਵਕ ਨਿਮਾਣਾ ਹੋ ਕੇ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਦਾ ਹੋਇਆ ਆਪਣੇ ਪ੍ਰੀਤਮ ਗੁਰੂ ਨੂੰ ਰੀਝਾ ਲੈਂਦਾ ਹੈ, ਉਸ ਨੂੰ ਸਦੀਵੀ ਆਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਅਜਿਹੇ ਹੀ ਗੁਰੂ ਘਰ ਦੇ ਅਣਥੱਕ ਸੇਵਕ ਹਨ ਸੰਤ ਨਰਿੰਦਰ ਸਿੰਘ ਜੀ।

ਸੰਤ ਨਰਿੰਦਰ ਸਿੰਘ ਦਾ ਜਨਮ ਪਿਤਾ ਸੰਤ ਭਜਨ ਸਿੰਘ ਅਤੇ ਮਾਤਾ ਵੇਦ ਕੌਰ ਦੇ ਗ੍ਰਿਹ ਵਿਖੇ ਹੋਇਆ। ਹੋਣੀ ਰੱਬ ਦੀ ਕਿ ਨਰਿੰਦਰ ਸਿੰਘ ਨੇ ਅਜੇ ਪੂਰੀ ਹੋਸ਼ ਵੀ ਨਹੀਂ ਸੀ ਸੰਭਾਲੀ ਕਿ ਪਿਤਾ ਭਜਨ ਸਿੰਘ ਚੜ੍ਹਾਈ ਕਰ ਗਏ। ਭਜਨ ਸਿੰਘ ਦੇ ਚਾਚਾ ਸੰਤ ਮੱਲਾ ਸਿੰਘ ਹੱਲੇ ਦਾ ਦੀਵਾਨ ਲਗਾਇਆ ਕਰਦੇ ਸਨ। ਨਰਿੰਦਰ ਸਿੰਘ ਦਾ ਪਾਲਣ-ਪੋਸ਼ਣ ਸੰਤ ਮੱਲਾ ਸਿੰਘ ਦੀ ਦੇਖ-ਰੇਖ ਵਿੱਚ ਹੋਇਆ। ਨਰਿੰਦਰ ਸਿੰਘ ਪੰਜ-ਛੇ ਸਾਲ ਦਾ ਹੀ ਸੀ ਕਿ ਅੱਖਾਂ ਵਿੱਚ ਨੁਕਸ ਪੈ ਗਿਆ। ਕੁਝ ਸਾਲਾਂ ਵਿੱਚ ਅੱਖਾਂ ਦੇ ਕਈ ਅਪ੍ਰੇਸ਼ਨ ਹੋਏ, ਇਕ ਅੱਖ ਦੀ ਨਿਗ੍ਹਾ ਤਾਂ ਪੂਰੀ ਤਰ੍ਹਾਂ ਖਤਮ ਹੋ ਗਈ, ਦੂਜੀ ਦੀ ਰੌਸ਼ਨੀ ਵੀ ਕਾਫੀ ਮੱਧਮ ਪੈ ਗਈ।

ਇਕ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਟਾਲੇ ਦਰਸ਼ਨ ਦਿੱਤੇ। ਆਪ ਜੀ ਨਰਿੰਦਰ ਸਿੰਘ ਨੂੰ ਆਪਣੇ ਨਾਲ ਸ੍ਰੀ ਭੈਣੀ ਸਾਹਿਬ ਲੈ ਆਏ, ਕੁਝ ਦਿਨਾਂ ਬਾਅਦ ਮਸਤਾਨ ਗੜ੍ਹ ਲੈ ਗਏ। 1966-67 ਈ. ਵਿੱਚ ਮਸਤਾਨ ਗੜ੍ਹ ਆਬਾਦ ਕਰਨ ਸਮੇਂ ਉਥੇ ਨਾਮ ਸਿਮਰਨ ਦੀ ਅਖੰਡ ਵਰਨੀ ਸ਼ੁਰੂ ਕੀਤੀ ਗਈ ਸੀ। ਅਖੰਡ ਵਰਨੀ ਵਿੱਚ ਸੇਵਾ ਦਾ ਹੁਕਮ ਹੋਇਆ। ਨਰਿੰਦਰ ਸਿੰਘ ਨੇ ਪੰਜ ਸਾਲ ਅਖੰਡ ਵਰਨੀ ਵਿੱਚ ਸੇਵਾ ਨਿਭਾਈ। ਮਸਤਾਨਗੜ੍ਹ ਸੇਵਾ ਕਰਦਿਆਂ ਇਕ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕੀਤਾ, 'ਨਰਿੰਦਰ, ਤੇਰੀ ਨਿਗ੍ਹਾ ਵਧੀਆ ਹੈ, ਉੱਚੇ ਥਾਂ ਤੇ ਚੜ੍ਹ ਕੇ ਵੇਖ, ਕਿੰਨੇ ਟ੍ਰੈਕਟਰ ਚਲ ਰਹੇ ਹਨ?' ਨਰਿੰਦਰ ਸਿੰਘ ਦੱਸਦੇ ਹਨ ਕਿ ਸੱਚੇ ਪਾਤਸ਼ਾਹ ਜੀ ਦੇ ਬਚਨ ਨਾਲ ਹੀ ਮੇਰੀ ਇਕ ਅੱਖ ਦੀ ਨਿਗ੍ਹਾ ਠੀਕ ਹੋ ਗਈ, ਜਿਸ ਨਾਲ ਹੁਣ ਤੱਕ ਵਧੀਆ ਗੁਜ਼ਾਰਾ ਹੋ ਰਿਹਾ ਹੈ। ਆਪ ਦਾ ਪਿੰਡ 'ਨੌਸ਼ਹਿਰਾ ਮੱਝਾ ਸਿੰਘ' ਹੇਠੀਆਂ ਦੇ ਨੇੜੇ ਹੋਣ ਕਰਕੇ ਨਰਿੰਦਰ ਸਿੰਘ, ਹੇਠੀਆਂ ਵਾਲੇ ਸੂਬਾ ਕਰਤਾਰ ਸਿੰਘ ਜੀ ਦੇ ਸੰਪਰਕ ਵਿੱਚ ਆ ਗਏ। ਸੂਬਾ ਕਰਤਾਰ ਸਿੰਘ ਜੀ ਗੁਰਦਾਸਪੁਰ ਜਿਲ੍ਹੇ ਵਿੱਚ ਪ੍ਰਚਾਰ ਦੌਰੇ ਕਰਦੇ, ਜਥੇਦਾਰਾਂ ਨੂੰ ਨਾਲ ਲੈ ਦੀਵਾਨ ਲਵਾਉਂਦੇ, ਇਲਾਕੇ ਚੋਂ ਗੁਰੂ ਘਰ ਦੀ ਉਗਰਾਹੀ ਕਰਦੇ, ਨਰਿੰਦਰ ਸਿੰਘ ਸੂਬਾ ਜੀ ਦੇ ਹਰ ਕਾਰਜ ਵਿੱਚ ਸਾਥੀ ਸਹਿਯੋਗੀ ਰਹੇ। ਸਤਿਗੁਰੂ ਜੀ ਦੇ ਹੁਕਮ ਅਨੁਸਾਰ 1976 ਤੋਂ ਨਰਿੰਦਰ ਸਿੰਘ ਨੇ ਉਗਰਾਹੀ ਦੀ ਸੇਵਾ ਸੰਭਾਲੀ। ਜੰਮੂ, ਕਪੂਰਥਲਾ, ਪਠਾਨਕੋਟ, ਰੋਪੜ, ਗੁਰਦਾਸਪੁਰ ਆਦਿ ਇਲਾਕਿਆਂ ਵਿੱਚ ਆਪ ਲੰਗਰ ਦੀ ਉਗਰਾਹੀ ਕਰਦੇ ਰਹੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਰਿੰਦਰ ਸਿੰਘ ਨੂੰ ਉਗਰਾਹੀਏ ਸਿੰਘਾਂ ਦਾ ਪ੍ਰਧਾਨ ਥਾਪਿਆ।

ਪ੍ਰਧਾਨ ਨਰਿੰਦਰ ਸਿੰਘ ਆਖਦੇ ਹਨ ਕਿ ਬੇਸ਼ਕ ਮੇਰੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਉਠ ਗਿਆ, ਨਿਗ੍ਹਾ ਵੀ ਪੂਰੀ ਠੀਕ ਨਹੀਂ ਸੀ ਪਰ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਕਿਰਪਾ ਕਰਕੇ ਸਦਾ ਹੀ ਆਪਣਾ ਵਰਦ-ਹਸਤ ਮੇਰੇ ਸਿਰ 'ਤੇ ਰੱਖਿਆ ਅਤੇ ਆਪਣੀ ਸੇਵਾ ਲੈ ਕੇ ਖੁਸ਼ੀਆਂ ਬਖਸ਼ੀਆਂ। ਇਹ ਸਤਿਗੁਰੂ ਜੀ ਦੀ ਹੀ ਕਿਰਪਾ ਕਿ ਉਹ ਅੱਜ ਵੀ ਸੇਵਾ ਲੈ ਰਹੇ ਹਨ।

ਅੱਜ ਮਿਤੀ 16 ਮਾਰਚ 2025 ਈ. ਨੂੰ ਹੋਲੇ ਮਹੱਲੇ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕੰਵਲਾਂ ਦੁਆਰਾ ਪ੍ਰਧਾਨ ਨਰਿੰਦਰ ਸਿੰਘ ਨੂੰ ਸੂਬਾ ਕਰਤਾਰ ਸਿੰਘ 'ਹੇਠੀਆਂ' ਯਾਦਗਾਰੀ ਸਨਮਾਨ ਬਖਸ਼ਿਸ਼ ਕੀਤਾ ਜਾ ਰਿਹਾ ਹੈ। ਇਸ ਅਵਸਰ 'ਤੇ ਨਾਮਧਾਰੀ ਸਾਧ ਸੰਗਤ ਖੁਸ਼ੀ ਦਾ ਪ੍ਰਗਟਾਵਾ ਕਰਦੀ ਹੈ।

**ਮਿਤੀ:**
**੩ ਚੇਤਰ ੨੦੮੧**
**16 ਮਾਰਚ 2025 ਈ.**

**ਹੋਲਾ ਮਹੱਲਾ**
**ਸ੍ਰੀ ਭੈਣੀ ਸਾਹਿਬ,**
**ਲੁਧਿਆਣਾ (ਪੰਜਾਬ)**

# ਥਾਈਲੈਂਡ ਦੇ ਬੱਚਿਆਂ ਵੱਲੋਂ ਮੇਲੇ ਦੌਰਾਨ ਸੰਸਾਰਿਕ ਪਦਾਰਥਾਂ ਦੀ ਹਕੀਕਤ ਬਿਆਨ ਕਰਦਾ ਨਾਟਕ ਖੇਡਿਆ























Date of Publication: 6 April 2025
Date of Posting: 8 April 2025

RNI NO.55658/93
LDM/008/2021-2023

# ਮੇਲੇ ਦੀ ਸੇਵਾ ਥਾਈਲੈਂਡ ਦੀ ਸਾਧ-ਸੰਗਤ ਵੱਲੋਂ ਕਰਵਾਈ ਗਈ।
# ਸ੍ਰੀ ਸਤਿਗੁਰੂ ਜੀ ਨਾਲ ਥਾਈਲੈਂਡ ਦੀ ਸੰਗਤ ਦੀ ਯਾਦਗਾਰੀ ਤਸਵੀਰਾਂ







Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.